# ਕੈਨੇਡਾ ਦਰਪਣ

ਜੁਲਾਈ 10, 1987

**July 10, 1987**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

Price 50¢ WEEKENDING JULY 10, 1987 Vol. 6 No. 25 Out of Greater Vancouver 65¢ Second Class Mail Reg. No. 5991

# ਕੈਨੇਡਾ ਦਰਪਣ

The Canada Darpan Punjabi Weekly Newspaper P.O.BOX 265, Surrey, B.C. V3T 4W8 Ph. (604) 581-4473

# ਦਰਸ਼ਨ ਸਿੰਘ ਦਾ ਅਸਤੀਫ਼ਾ ਯਕੀਨੀ

ਅੰਮ੍ਰਿਤਸਰ — ਖਬਰ ਪੁੱਜੀ ਹੈ ਕਿ ਅਕਾਲ ਤਖਤ ਦੇ ਜਥੇਦਾਰ ਸਿੰਘ ਸਾਹਿਬ ਦਰਸ਼ਨ ਸਿੰਘ ਵਲੋਂ ਹੁਣ ਅਸਤੀਫਾ ਦਿੱਤਾ ਜਾਣਾ ਯਕੀਨੀ ਨਜ਼ਰ ਆ ਰਿਹਾ ਹੈ। ਪਤਾ ਲੱਗਾ ਹੈ ਕਿ ਉਨ੍ਹਾਂ ਦੇ ਕੰਮ ਵਿਚ ਅਖੌਤੀ 'ਪੰਥਕ ਕਮੇਟੀ' ਬੜੀ ਹੀ ਦਖਲ ਅੰਦਾਜ਼ੀ ਕਰ ਰਹੀ ਹੈ। ਇਹ ਵੀ ਕਿਆਸ ਕੀਤਾ ਜਾਂਦਾ ਹੈ ਕਿ ਸ੍ਰੀ ਦਰਸ਼ਨ ਸਿੰਘ ਚਾਹੁੰਦੇ ਹਨ ਕਿ ਕੇਂਦਰ ਨਾਲ ਗੱਲਬਾਤ ਕਰਕੇ ਨਿੱਤ ਦੀ ਕਤਲੋਗਾਰਤ ਦਾ ਦੌਰ ਬੰਦ ਕੀਤਾ ਜਾਣਾ ਚਾਹੀਦਾ ਹੈ। ਕਿਹਾ ਜਾਂਦਾ ਹੈ ਕਿ ਫੈਡਰੇਸ਼ਨ ਦਾ ਭਾਰੂ ਧੜਾ ਉਨ੍ਹਾਂ ਦੇ ਇਸ ਸਟੈਂਡ ਨੂੰ ਕੌੜੀ ਅੱਖ ਨਾਲ ਦੇਖ ਰਿਹਾ ਹੈ। ਇਸ ਗੱਲ ਦਾ ਵੀ ਖਤਰਾ ਸਮਝਿਆ ਜਾ ਰਿਹਾ ਹੈ ਕਿ ਇਸ ਕਸ਼ਮਕਸ਼ ਵਿਚ ਸ੍ਰੀ ਦਰਸ਼ਨ ਸਿੰਘ ਨੂੰ ਕਿਧਰੇ ਕੋਈ ਕਤਲ ਹੀ ਨਾ ਕਰ ਦੇਵੇ। ਉਨ੍ਹਾਂ ਦੀ ਜ਼ਿੰਦਗੀ ਨੂੰ ਹੁਣ ਦੇ ਹਾਲਾਤ ਵਿਚ ਜਿਨਾ ਖਤਰਾ ਹੈ ਉਨਾ ਪਹਿਲਾਂ ਕਦੀ ਵੀ ਨਹੀਂ ਸੀ। ਫਿਰ ਵੀ ਕੁਝ ਸੰਜੀਦਾ ਸੱਜਣ ਉਨ੍ਹਾਂ ਦੀ ਰਾਖੀ ਲਈ ਚੌਕਸੀ ਰੱਖ ਰਹੇ ਹਨ।



ਪ੍ਰੋ. ਦਰਸ਼ਨ ਸਿੰਘ

ਰਾਜਨੀਤਕ ਦਰਸ਼ਕਾਂ ਦਾ ਵਿਚਾਰ ਹੈ ਕਿ ਫੈਡਰੇਸ਼ਨ ਦੀ ਆਪਸੀ ਫੁੱਟ ਦਾ ਕਾਰਨ ਲੋਕਾਂ ਵਿਚੋਂ ਉਨ੍ਹਾਂ ਦੇ ਆਧਾਰ ਦਾ ਖੁਰਨਾ ਸ਼ੁਰੂ ਹੋਣਾ ਹੈ। ਲੋਕ ਜਮਹੂਰੀ ਪਾਰਟੀਆਂ ਵਲੋਂ ਲਗਾਤਾਰ ਕੀਤੇ ਜਾਂਦੇ ਅਮਨ ਮਾਰਚ ਅਤੇ ਅਮਨ ਸਦਭਾਵਨਾ ਰੈਲੀਆਂ ਹੁਣ ਆਪਣਾ ਅਸਰ ਦਿਖਾਣ ਲੱਗੀਆਂ ਹਨ। ਇਸ ਵਿੱਚ ਇਹ ਤੱਥ ਵੀ ਕਾਰਨ ਸਮਝੇ ਜਾ ਰਹੇ ਹਨ ਕਿ ਬਹੁਤ ਸਾਰੇ ਅਤਿਵਾਦੀ ਪੁਲਸ ਮੁਕਾਬਲਿਆਂ ਵਿਚ ਮਾਰੇ ਜਾ ਚੁਕੇ ਹਨ ਜਾਂ ਜੇਲ੍ਹਾਂ ਵਿਚ ਬੰਦ ਹਨ।

ਫੈਡਰੇਸ਼ਨੀਆਂ ਦੇ ਡੂੰਘੇ ਹੋਏ ਸੰਕਟ ਨੂੰ ਰਾਸ਼ਟਰਪਤੀ ਰਾਜ ਦਾ ਕਰੜਾ ਵਾਰਾ ਪਹਿਰਾ ਵੀ, ਹੋਰ ਡੂੰਘਾ ਕਰਨ ਲਈ ਜ਼ਿਮੇਵਾਰ ਹੈ। ਕਿਹਾ ਜਾਂਦਾ ਹੈ ਕਿ ਪੁਲਸ ਚੀਫ ਸ੍ਰੀ ਰਿਬੈਰੋ ਨੇ ਅਤਿਵਾਦੀਆਂ ਨੂੰ ਕੰਟਰੋਲ ਕਰਨਾ ਆਪਣੇ ਲਈ ਵਕਾਰ ਦਾ ਸਵਾਲ ਬਣਾ ਲਿਆ ਹੈ।

## ਸੰਖੇਪ ਪਰ ਵਿਸ਼ੇਸ਼

- ਲੋਕ ਦਲ ਵਲੋਂ ਦਿੱਲੀ ਵਿਚ ਵਿਸ਼ਾਲ ਜਿੱਤ-ਰੈਲੀ ਕੀਤੀ ਗਈ, ਜਿਸ ਵਿਚ ਦੋ ਲੱਖ ਲੋਕਾਂ ਨੇ ਭਾਗ ਲਿਆ। ਇਸ ਰੈਲੀ ਨੂੰ ਸ੍ਰੀ ਦੇਵੀ ਲਾਲ ਅਤੇ ਸ੍ਰੀ ਬਹੁਗੁਣਾ ਨੇ ਤਕਰੀਰਾਂ ਕੀਤੀਆਂ।
- ਦਿੱਲੀ ਗੁਰਦੁਆਰਾ ਪ੍ਰਬੰਧ ਵਿਚ ਲੱਖਾਂ ਦੀ ਹੇਰਾ ਫੇਰੀ ਦੀ ਸੰਭਾਵਨਾ। ਕਮੇਟੀ ਦੇ ਇਕ ਮੈਂਬਰ ਸ੍ਰੀ ਅਮਰਜੀਤ ਸਿੰਘ ਵੱਲੋਂ ਦੋਸ਼।
- ਪੰਜਾਬ ਕਾਂਗਰਸ ਵਿਚ ਤਬਦੀਲੀ ਦੀ ਵੱਡੀ ਸੰਭਾਵਨਾ ਕੀਤੀ ਜਾਂਦੀ ਹੈ। ਕੇਂਦਰ ਸ੍ਰੀ ਬੇਅੰਤ ਸਿੰਘ ਤੋਂ ਬਹੁਤ ਮਾਯੂਸ ਅਤੇ ਔਖਾ ਹੈ।
- ਮੋਗੇ ਵਿਚ ਸੀ. ਪੀ. ਆਈ. ਦੇ ਕਾਮਰੇਡ ਲਾਲ ਇੰਦਰ ਸਿੰਘ ਨੂੰ ਅਤਿਵਾਦੀਆਂ ਸ਼ਹੀਦ ਕਰ ਦਿੱਤਾ।
- ਸੀ. ਪੀ. ਆਈ. ਵੱਲੋਂ ਪਿੰਡਾਂ ਵਿਚ ਕੀਤੇ ਜਾ ਰਹੇ ਅਮਨ ਮਾਰਚਾਂ ਵਿਚ ਹਜ਼ਾਰਾਂ ਲੋਕ ਉਤਸ਼ਾਹ ਨਾਲ ਸ਼ਾਮਲ ਹੋ ਰਹੇ ਹਨ।
- ਸ੍ਰੀ ਰਾਜੀਵ ਗਾਂਧੀ ਨੇ ਕਿਹਾ ਹੈ ਕਿ ਪੰਜਾਬ ਦੇ ਅਤਿਵਾਦੀਆਂ ਨਾਲ ਕੋਈ ਗੱਲਬਾਤ ਨਹੀਂ ਕੀਤੀ ਜਾਵੇਗੀ।
- ਬੰਬਈ ਵਿਚ ਸ੍ਰੀ ਵੀ ਵੀ ਸਿੰਘ ਦੇ ਜਲਸੇ ਵਿਚ ਜੁੱਤੀਆਂ ਸੁੱਟੀਆਂ ਗਈਆਂ। ਉਸਨੇ ਕਿਹਾ ਪ੍ਰਧਾਨ ਮੰਤਰੀ ਨੇ ਰੱਖਿਆ ਦੇ ਸੌਦਿਆਂ ਵਿਚ ਕੋਈ ਹੇਰਾ ਫੇਰੀ ਨਹੀਂ ਕੀਤੀ।
- ਫੈਡਰੇਸ਼ਨ ਦੇ ਦੋਵਾਂ ਧੜਿਆਂ ਵਿਚ ਲੜਾਈ ਤੇਜ਼ ਹੋ ਗਈ ਹੈ
- ਪੰਜਾਬ ਵਿਚ ਬਹੁਤੀਆਂ ਪਾਰਟੀਆਂ ਵਲੋਂ ਮੰਗ ਕੀਤੀ ਗਈ ਹੈ ਕਿ ਪੰਜਾਬ ਵਿਚ ਨਵੀਆਂ ਚੋਣਾਂ ਕਰਾਈਆਂ ਜਾਣ।

## ਫਾਂਸੀ ਦੀ ਸਜ਼ਾ — ਵਿਰੋਧੀਆਂ ਦੀ ਜਿੱਤ

ਅਟਵਾ — ਕੱਲ੍ਹ ਕੈਨੇਡਾ ਦੀ ਪਾਰਲੀਮੈਂਟ ਵਿਚ ਫਾਂਸੀ ਦੀ ਸਜ਼ਾ ਬਹਾਲ ਕਰਨ ਬਾਰੇ ਪੇਸ਼ ਕੀਤੇ ਗਏ ਮਤੇ ਦੀ ਬਹਿਸ ਤੋਂ ਪਿਛੋਂ ਪਈਆਂ ਵੋਟਾਂ ਅਨੁਸਾਰ, ਫਾਂਸੀ ਦੀ ਸਜ਼ਾ ਬਹਾਲ ਕਰਨ ਵਾਲਿਆਂ ਦੀ ਇਕ ਬਾਰ ਫਿਰ ਭਾਰੀ ਜਿੱਤ ਹੋ ਗਈ ਹੈ। ਇਸ ਬਾਰ ਪਾਰਲੀਮੈਂਟ ਦੇ ਮੈਂਬਰਾਂ ਨੂੰ ਖੁੱਲ੍ਹ ਸੀ ਕਿ ਉਹ ਆਪਣੀ ਜ਼ਮੀਰ ਦੀ ਆਵਾਜ਼ ਅਨੁਸਾਰ ਵੋਟ ਪਾ ਸਕਦੇ ਹਨ ਇਸ ਤਰ੍ਹਾਂ 127 ਦੇ ਮੁਕਾਬਲੇ 148 ਵੋਟਾਂ ਨਾਲ ਇਹ ਜਿੱਤ ਹੋਈ। 1976 ਵਿਚ ਏਸੇ ਤਰ੍ਹਾਂ ਦੇ ਇਕ ਮਤੇ ਦੀ 124 ਦੇ ਮੁਕਾਬਲੇ 130 ਨਾਲ ਹਾਰ ਹੋਈ ਸੀ। ਕੈਨੇਡਾ ਵਿਚ ਕਿਸੇ ਵਿਅਕਤੀ ਨੂੰ ਪਿਛਲੀ ਵਾਰੀ 25 ਵਰ੍ਹੇ ਪਹਿਲਾਂ ਫਾਂਸੀ ਦਿੱਤੀ ਗਈ ਸੀ।

ਇਸ ਬਾਰ ਪਾਰਲੀਮੈਂਟ ਦੀਆਂ ਤਿੰਨੇ ਪਾਰਟੀਆਂ ਦੇ ਆਗੂਆਂ ਪ੍ਰਧਾਨ ਮੰਤਰੀ ਸ੍ਰੀ ਬਰਾਇਨ ਮਲਰੂਨੀ, ਮਿ: ਜਾਹਨ ਟਰਨਰ ਅਤੇ ਮਿ: ਬਰਾਡਬੈਂਟ ਨੇ ਸਜ਼ਾ ਬਹਾਲ ਕਰਨ ਦੇ ਵਿਰੁਧ ਵੋਟ ਪਾਏ। ਪਾਰਟੀਆਂ ਦੇ ਅਨੁਸਾਰ ਸਾਰੇ ਐਨ. ਡੀ. ਪੀ. ਐਮ. ਪੀਆਂ ਨੇ ਇਕ ਨੂੰ ਛੱਡ ਕੇ ਸਾਰੇ ਲਿਬਰਲਾਂ ਨੇ ਮਤੇ ਦੇ ਵਿਰੁਧ ਵੋਟ ਪਾਏ।

ਹੁਣ ਇਸ ਮਸਲੇ ਨੂੰ ਕਾਫੀ ਲੰਬੇ ਸਮੇਂ ਲਈ ਅਗੇ ਜਾ ਪਿਆ ਸਮਝਿਆ ਜਾ ਰਿਹਾ ਹੈ।

## ਇਕ ਸਾਲ 'ਚ 388 ਹਿੰਦੂ - 344 ਸਿੱਖ ਮਰੇ

ਚੰਡੀਗੜ੍ਹ — ਪੁਲਸ ਮੁਖੀ ਮਿ: ਰਿਬੇਰੋ ਨੇ ਜਲੰਧਰ ਦੂਰਦਰਸ਼ਨ ਤੋਂ ਐਲਾਨ ਕੀਤਾ ਹੈ ਕਿ ਹੁਣ ਤੱਕ ਜਿਹੜੇ ਦਹਿਸ਼ਤਗਰਦ ਮਾਰੇ ਗਏ ਹਨ ਉਹਨਾਂ ਦੇ ਨਾਂ ਪਤਿਆਂ ਦੀ ਲਿਸਟ ਛਾਪੀ ਜਾਏਗੀ। ਜਿਸ ਵਿਚ ਉਹਨਾਂ ਵਲੋਂ ਕੀਤੇ ਜੁਰਮਾਂ ਦਾ ਵੇਰਵਾ ਵੀ ਦਿੱਤਾ ਜਾਏਗਾ। ਜਦੋਂ ਤੋਂ ਉਹ ਡੀ ਜੇ ਪੀ ਬਣੇ ਹਨ ਇਕ ਅਪਰੈਲ 1986 ਤੋਂ 31 ਮਾਰਚ 1987 ਤੱਕ ਦਹਿਸ਼ਤਗਰਦਾਂ ਨੇ 738 ਵਿਅਕਤੀਆਂ ਨੂੰ ਕਤਲ ਕੀਤਾ ਹੈ। ਇਹਨਾਂ ਵਿਚ 388 ਹਿੰਦੂ, 349 ਸਿੱਖ ਅਤੇ ਛੇ ਪੁਲਸ ਦੇ ਜਵਾਨ ਹਨ ਜਦੋਂ ਕਿ ਛੇ ਵਿਅਕਤੀ ਦੂਸਰੇ ਧਰਮਾਂ ਦੇ ਸਨ।

ਜੇਕਰ ਤੁਸੀ ਨਵਾਂ ਜਾਂ ਪੁਰਾਣਾ ਫਰਨੀਚਰ ਖ੍ਰੀਦਣਾ ਹੋਵੇ ਹਮੇਸ਼ਾ ਸਾਡੇ ਸਟੋਰ ਤੇ ਦਰਸ਼ਨ ਦਿਓ
ਅਸੀਂ ਤੁਹਾਨੂੰ ਚੰਗੀ ਡੀਲ ਦਾ ਭਰੋਸਾ ਦਿਵਾਉਂਦੇ ਹਾਂ।
TEL. 874-9525
- ਜੇਕਰ ਪੁਰਾਣਾ ਫਰਨੀਚਰ ਟ੍ਰੇਡ ਕਰਨਾ ਹੋਵੇ ਤਾਂ ਵੀ ਸਾਡੀਆਂ ਸੇਵਾਵਾਂ ਪ੍ਰਾਪਤ ਕਰੋ।
ਟੌਪ ਕੁਆਲਿਟੀ ਅਤੇ ਵਾਜ਼ਬ ਕੀਮਤਾਂ
- ਲਿਵਿੰਗ ਰੂਮ - ਡਾਇਨਿੰਗ ਰੂਮ, - ਬੈਡ ਰੂਮ ਗੱਲ ਕੀ ਹਰ ਕਿਸਮ ਦਾ ਫਰਨੀਚਰ ਸਾਥੋਂ ਖਰੀਦੋ।
- *New* - *Used Or* - *Trade-Ins*

ROYAL FURNITURE

Royal Furniture Ltd.
2607 Main St. (at 10th Ave.) Vancouver, B.C.
ROYAL - THE NAME FRIENDS RECOMMEND



# ਪੰਜਾਬ ਵਿੱਚ ਹਿੰਸਾ ਜਾਰੀ

ਆਲ ਇੰਡੀਆ ਸਿਖ ਸਟੂ: ਫੈਡ: ਦੇ ਭਾਈ ਗੁਰਜੀਤ ਸਿੰਘ ਦੇ 26 ਜੂਨ ਨੂੰ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਕਨਵੈਨਸ਼ਨ ਸੱਦਣ ਦੇ ਫੈਸਲੇ ਤੇ ਸਰਕਾਰ ਵਲੋਂ ਸਖਤੀ ਕਰਨ ਦਾ ਐਲਾਨ ਕੀਤਾ ਗਿਆ ਸੀ। ਸਰਕਾਰ ਦੇ ਬੁਲਾਰੇ ਅਨੁਸਾਰ ਧਾਰਮਕ ਸਥਾਨ ਉਪਰ ਸੱਦੀ ਕਨਵੈਨਸ਼ਨ ਹਿੰਸਾ ਦਾ ਪ੍ਰਚਾਰ ਕਰਨ ਲਈ ਵਰਤੀ ਜਾਵੇਗੀ। ਸਿਟੇ ਵਜੋਂ ਅੰਮ੍ਰਿਤਸਰ ਵਿਚ ਤੇ ਖਾਸ ਤੌਰ ਤੇ ਹਰਿਮੰਦਰ ਸਾਹਿਬ ਦੁਆਲੇ ਵੱਧ ਤੋਂ ਵੱਧ ਪੈਰਾ ਮਿਲਟਰੀ ਤੇ ਪੁਲੀਸ ਨਫਰੀ ਤਾਇਨਾਤ ਕਰ ਦਿੱਤੀ ਗਈ ਸੀ।

25 ਜੂਨ ਨੂੰ ਹੀ ਪੁਲਸ ਤੇ ਹੋਰ ਸਕਿਊਰਿਟੀ ਅਮਲੇ ਵਲੋਂ ਹਰਿਮੰਦਰ ਸਾਹਿਬ ਅਤੇ ਨੇੜੇ ਦੀਆਂ ਬਿਲਡਿੰਗਾਂ ਦੀ ਤਲਾਸ਼ੀ ਲੈਣੀ ਸ਼ੁਰੂ ਕਰ ਦਿੱਤੀ ਗਈ। ਇਉਂ ਕਰਨ ਲਈ ਕਰਫਿਊ ਦੀ ਖੁਲ੍ਹੇਆਮ ਵਰਤੋਂ ਕੀਤੀ ਗਈ। ਤਲਾਸ਼ੀ ਲੈਣ ਉਪਰ ਵਖੋ ਵੱਖ ਬਿਲਡਿੰਗਾਂ ਵਿਚੋਂ 125 ਤੋਂ ਵੱਧ ਸ਼ੱਕੀ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ। ਇਸ ਦੇ ਬਦਲੇ ਵਜੋਂ ਸਕਿਊਰਿਟੀ ਅਮਲੇ ਉਪਰ ਬਦਲਾ ਲਊ ਹਮਲੇ ਕੀਤੇ ਗਏ।

ਪੰਜਾਬ ਦੇ ਵੱਖੋ ਵੱਖ ਥਾਵਾਂ ਤੇ ਪਿਛਲੇ ਹਫਤੇ ਵੀ ਹਿੰਸਾ ਦੀਆਂ ਵਾਰਦਾਤਾਂ ਹੋਈਆਂ ਹਨ। 25 ਜੂਨ ਦੀ ਰਾਤ ਨੂੰ ਰੋਪੜ ਜ਼ਿਲੇ ਵਿਚ ਇਕ ਘਰ ਦੀ ਤਲਾਸ਼ੀ ਵੇਲੇ ਪੁਲੀਸ ਉਪਰ ਗੋਲੀ ਚਲਾਉਣ ਅਤੇ ਜਵਾਬੀ ਫਾਇਰਿੰਗ ਤੋਂ ਬਾਦ ਇਕ ਵਿਅਕਤੀ ਗੋਲੀ ਦਾ ਨਿਸ਼ਾਨਾ ਬਣ ਗਿਆ। ਇਕ ਹੋਰ ਘਟਨਾ ਦੌਰਾਨ ਜਲੰਧਰ ਵਿਚ ਤਿੰਨ ਸਕੂਟਰ ਸਵਾਰਾਂ ਨੇ ਇਕ ਵਿਅਕਤੀ ਜ਼ਖਮੀ ਕਰ ਦਿੱਤਾ। ਪੁਲੀਸ ਨੇ ਬਾਦ ਵਿਚ ਉਨ੍ਹਾਂ ਵਿਚੋਂ ਇਕ ਅਤਵਾਦੀ ਕਤਲ ਕਰ ਦਿੱਤਾ। ਇਸ ਤੋਂ ਬਿਨਾਂ ਪੁਲੀਸ ਦਾ ਇਕ ਥਾਣੇਦਾਰ ਵੀ 29 ਜੂਨ ਦੀ ਰਾਤ ਨੂੰ ਕਤਲ ਕਰ ਦਿੱਤਾ ਗਿਆ। ਇਕ ਹੋਰ ਅਤਿਵਾਦੀ ਹਲਾਕ ਹੋਣ ਦੀ ਵੀ ਖਬਰ ਮਿਲੀ ਹੈ।

ਹੋਰ ਘਟਨਾਵਾਂ ਤੋਂ ਇਲਾਵਾ ਅੰਮ੍ਰਿਤਸਰ ਵਿਚ ਬੀਤੇ ਦਿਨ ਇਕ ਏ. ਐਸ. ਆਈ. ਬਲਕਾਰ ਸਿੰਘ ਨੂੰ ਕਤਲ ਕੀਤੇ ਜਾਣ ਦੀ ਖਬਰ ਮਿਲੀ ਹੈ। ਵੱਖੋ ਵੱਖ ਥਾਵਾਂ ਤੇ ਤਿੰਨ ਮਹੰਤ ਵੀ ਮਾਰੇ ਜਾ ਚੁਕੇ ਹਨ। ਕੁਲ ਮਿਲਾ ਕੇ ਆਏ ਦਿਨ ਤਿੰਨ ਤੋਂ ਦਸ ਤੱਕ ਕਤਲ ਰੋਜ਼ ਹੋ ਜਾਣੇ ਆਮ ਜਿਹੀ ਘਟਨਾ ਬਣ ਗਈ ਹੈ। ਗਵਰਨਰੀ ਰਾਜ ਕਾਇਮ ਰਹਿਣ ਦੇ ਬਾਵਜੂਦ ਵੀ ਵਾਰਦਾਤਾਂ ਜਾਰੀ ਹਨ।

# ਪੰਜਾਬ ਸਮਝੌਤੇ ਦਾ ਵਿਰੋਧ ਨਾ ਕਰੋ ਬਰਨਾਲਾ ਦੀ ਦੇਵੀ ਲਾਲ ਨੂੰ ਸੁਲਾਹ

ਚੰਡੀਗੜ੍ਹ — ਖਬਰ ਹੈ ਪੰਜਾਬ ਦੇ ਸਾਬਕਾ ਮੁਖ ਮੰਤਰੀ ਸ: ਸੁਰਜੀਤ ਸਿੰਘ ਬਰਨਾਲਾ ਨੇ ਹਰਿਆਣਾ ਦੇ ਮੁਖ ਮੰਤਰੀ ਸ੍ਰੀ ਦੇਵੀ ਲਾਲ ਨੂੰ ਸਲਾਹ ਦਿਤੀ ਹੈ ਕਿ ਉਹ ਪੰਜਾਬ ਸਮਝੌਤੇ ਦਾ ਵਿਰੋਧ ਨਾ ਕਰੇ। ਸ੍ਰੀ ਬਰਨਾਲਾ ਨੇ ਕਿਹਾ ਕਿ ਪੰਜਾਬ ਸਮਝੌਤਾ ਪੰਜਾਬ ਅਤੇ ਹਰਿਆਣਾ ਦੋਵਾਂ ਦੇ ਹੀ ਹਿਤਾਂ ਵਿਚ ਹੈ। ਸ੍ਰੀ ਬਰਨਾਲਾ ਚੋਣਾਂ ਤੋਂ ਪਿਛੋਂ ਸ੍ਰੀ ਦੇਵੀ ਲਾਲ ਦੇ ਪੰਜਾਬ ਸਮਝੌਤਾ ਰੱਦ ਕਰਨ ਦੇ ਵਿਚਾਰ ਉਪਰ ਟਿਪਣੀ ਕਰ ਰਹੇ ਸਨ। ਉਨ੍ਹਾਂ ਇਹ ਵਿਸ਼ਵਾਸ ਪ੍ਰਗਟ ਕੀਤਾ ਕਿ ਪੰਜਾਬ ਸਮਝੌਤੇ ਉਪਰ ਅੱਖਰ ਅੱਖਰ ਅਮਨ ਦੇਸ਼ ਦੇ ਇਸ ਖਿਤੇ ਵਿਚ ਹਾਲਾਤ ਨੂੰ ਸੁਖਾਵੇਂ ਬਣਾਉਣ ਵਿੱਚ ਸਹਾਈ ਹੋਵੇਗਾ।

# ਦਿੱਲੀ ਦੀ ਬਿਲਡਿੰਗ ਨੂੰ ਅੱਗ



ਨਵੀਂ ਦਿੱਲੀ ਦੇ ਕਿਰਾਏ ਦੇ ਮਕਾਨਾਂ ਦੀ ਵੱਡੀ ਬਿਲਡਿੰਗ ਨੂੰ ਪਿਛਲੇ ਦਿਨੀਂ ਅੱਗ ਲਗ ਗਈ। ਇਸ ਦੇ ਦੌਰਾਨ ਤਿੰਨ ਮੌਤਾਂ ਤੇ 80 ਲੋਕਾਂ ਦੇ ਜ਼ਖਮੀ ਹੋਣ ਅਤੇ ਦਰਜਨਾਂ ਲਾਪਤਾ ਦੀ ਸੂਚਨਾ ਮਿਲੀ ਹੈ। ਪੰਜ ਘੰਟੇ ਤੋਂ ਬਾਦ ਕੰਟਰੋਲ ਵਿਚ ਆਈ ਅੱਗ ਘਟਨਾ ਦੀ ਲਪੇਟ ਵਿਚ 300 ਤੋਂ ਵੱਧ ਲੋਕ ਆ ਗਏ। ਫਾਇਰ ਬਰਗੇਡ ਵਲੋਂ ਨਾਲ ਦੀ ਬਿਲਡਿੰਗ ਨੇੜੇ ਲੋਕਾਂ ਨੂੰ ਸੁਰੱਖਿਆ ਪੁਚਾਣ ਦੇ ਸਿਰ ਤੋੜ ਯਤਨਾਂ ਦੇ ਫਲਸਰੂਪ ਇਸ ਭਿਆਨਕ ਘਟਨਾ ਨੂੰ ਕਾਬੂ ਕਰ ਲਿਆ ਗਿਆ।

# ਪੰਜਾਬ ਵਿਚ ਚੋਣਾਂ ਕਰਾਓ — ਸ੍ਰੀ ਦੇਵੀ ਲਾਲ

ਚੰਡੀਗੜ੍ਹ — ਖਬਰ ਹੈ ਹਰਿਆਣਾ ਦੇ ਮੁਖ ਮੰਤਰੀ ਸ੍ਰੀ ਦੇਵੀ ਲਾਲ ਨੇ ਮੰਗ ਕੀਤੀ ਹੈ ਕਿ ਪੰਜਾਬ ਵਿਚ ਅਸੰਬਲੀ ਭੰਗ ਕਰ ਕੇ ਨਵੀਆਂ ਚੋਣਾਂ ਕਰਵਾਈਆਂ ਜਾਣ। ਉਨ੍ਹਾਂ ਪੰਜਾਬ ਸਮਝੌਤਾ ਰੱਦ ਕਰਨ ਦੀ ਫਿਰ ਮੰਗ ਕੀਤੀ। ਸਾਬਕਾ ਮੁਖ ਮੰਤਰੀ ਸ੍ਰੀ ਬਰਨਾਲਾ ਨੇ ਨਵੀਆਂ ਚੋਣਾਂ ਕਰਾਉਣ ਦਾ ਵਿਰੋਧ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਨਵੀਆਂ ਚੋਣਾਂ ਦੀ ਕੋਈ ਲੋੜ ਨਹੀਂ ਹੈ।

# ਸੇਖੋਂ ਦੇ ਜੀਵਨ ਤੇ ਰਚਨਾ ਬਾਰੇ ਟੈਲੀ ਫਿਲਮ

ਚੰਡੀਗੜ੍ਹ — ਪੰਜਾਬ ਦੇ ਵਿੱਤ ਕਮਿਸ਼ਨਰ ਤੇ ਲੋਕ ਸੰਪਰਕ ਤੇ ਸਭਿਆਚਾਰਕ ਮਾਮਲਿਆਂ ਦੇ ਸਕੱਤਰ ਐਸ ਐਲ ਕਪੂਰ ਨੇ ਪ੍ਰੋ: ਸੰਤ ਸਿੰਘ ਸੇਖੋਂ ਦੇ ਜੀਵਨ ਤੇ ਕਿਰਤਾਂ ਉਪਰ ਬਣਾਈ ਜਾ ਰਹੀ ਟੈਲੀ ਫਿਲਮ ਦਾ ਮਹੂਰਤ ਕੀਤਾ।

ਆਡੀਓ ਵਿਜ਼ੂਅਲ ਮਾਧਿਅਮ ਰਾਹੀਂ ਪੰਜਾਬ ਦੇ ਅਮੀਰ ਸਭਿਆਚਾਰਕ ਵਿਰਸੇ ਨੂੰ ਦਰਸਾਉਣ ਲਈ ਪੰਜਾਬ ਫਿਲਮਜ਼ ਤੇ ਨਿਊਜ਼ ਕਾਰਪੋਰੇਸ਼ਨ ਦੇ ਸਹਿਯੋਗ ਨਾਲ ਸਭਿਆਚਾਰਕ ਵਿਭਾਗ ਵਲੋਂ ਟੀ ਵੀ ਫਿਲਮਾਂ ਤਿਆਰ ਕਰਨ ਦਾ ਸਿਲਸਿਲਾ ਅਰੰਭਿਆ ਗਿਆ ਹੈ।

# ਤਲਵੰਡੀ ਤੇ ਬਾਦਲ ਫਿਰ ਗ੍ਰਿਫਤਾਰ

ਅੰਮ੍ਰਿਤਸਰ - ਸਾਂਝੇ ਅਕਾਲੀ ਦਲ ਦੇ ਪ੍ਰੀਜ਼ੀਡੀਅਮ ਮੈਂਬਰ ਜਗਦੇਵ ਸਿੰਘ ਤਲਵੰਡੀ ਨੂੰ ਪਿਛਲੇ ਦਿਨ ਗ੍ਰਿਫਤਾਰ ਕਰ ਲਿਆ ਗਿਆ। ਉਹਨਾਂ ਉਤੇ ਭੜਕਾਊ ਭਾਸ਼ਨਾਂ ਰਾਹੀਂ ਹਾਲਾਤ ਨੂੰ ਖਰਾਬ ਕਰਨ ਦੇ ਦੋਸ਼ ਹਨ। ਇਸ ਤੋਂ ਪਹਿਲਾਂ ਪਿਛਲੇ ਦਿਨ ਦੂਸਰੇ ਪ੍ਰੀਜ਼ੀਡੀਅਮ ਮੈਂਬਰ ਅਕਾਲੀ ਲੀਡਰ ਗੁਰਦੇਵ ਸਿੰਘ ਬਾਦਲ ਨੂੰ ਰਿਹਾਅ ਕੀਤੇ ਜਾਣ ਪਿਛੋਂ ਪੁਲਸ ਨੇ ਫਿਰ ਗ੍ਰਿਫਤਾਰ ਕਰ ਲਿਆ।


## ਧੰਨੂ ਪ੍ਰਿੰਟਿੰਗ ਕੰਪਨੀ ਲਿਮਿ:

ਵਿਆਹ ਸ਼ਾਦੀਆਂ ਦੇ ਕਾਰਡ ਅਤੇ ਹੋਰ ਹਰ ਕਿਸਮ ਦੀ ਪ੍ਰਿੰਟਿੰਗ ਲਈ ਫੋਨ ਕਰੋ ਜਾਂ ਦਰਸ਼ਨ ਦਿਓ

**ਭਾਰਤ ਤੋਂ ਆਏ ਨਵੇਂ ਨਵੇਂ ਡੀਜ਼ਾਈਨਾਂ ਅਤੇ ਰੰਗਾਂ ਵਿਚੋਂ ਆ ਕੇ ਆਪਣੀ ਮਨਪਸੰਦ ਦੇ ਕਾਰਡ ਪਸੰਦ ਕਰੋ**

**ਸਪੈਸ਼ਲ**

ਜੁਲਾਈ ਤੇ ਅਗਸਤ ਦੇ ਮਹੀਨੇ ਫਾਰਮਾਂ ਦੇ ਪਿਕਰ ਕਾਰਡ ਛਪਾਉਣ ਲਈ 10% ਡਿਸਕਾਊਂਟ ਦਿਤਾ ਜਾਵੇਗਾ

ਫ਼ੋਨ : 585-7916



## ਫਾਰਮ ਵਰਕਰਾਂ ਦੀ ਲੋੜ!



ਫਾਰਮਾਂ ਵਿਚ ਕੰਮ ਕਰਨ ਵਾਲੇ ਵਰਕਰਾਂ ਦੀ ਲੋੜ ਹੈ। ਸਾਡੇ ਕੋਲ ਬਹੁਤ ਸਾਰਾ ਘੰਟਿਆਂ ਦਾ ਕੰਮ ਹੈ ਤੇ ਬਹੁਤ ਵਧੀਆ ਪਹਿਲੇ ਸਾਲ ਦੀ ਸਟਰਾਅਬੇਰੀ, ਬਹੁਤ ਵਧੀਆ ਰਸ ਬੇਰੀ, ਬਲੂ ਬੇਰੀ, ਸਪਰੋਟ ਤੇ ਸਬਜ਼ੀਆਂ ਦਾ ਕੰਮ ਹੈ।

**ਇਸ ਸਾਲ ਸਟਰਾਅ ਬੇਰੀ ਅਤੇ ਰਸ ਬੇਰੀ $3.20 ਪ੍ਰਤੀ ਫਲੈਟ ਅਤੇ $4.00 ਘੰਟੇ ਦੇ ਦਿਆਂਗੇ**

- ਕੀਤੇ ਕੰਮ ਦੇ ਪੈਸੇ ਅਤੇ ਸਟੈਂਪਾਂ ਦਿੱਤੀਆਂ ਜਾਣਗੀਆਂ
- ਕੰਮ ਕਰਨ ਵਾਲਿਆਂ ਨੂੰ ਘਰੋਂ ਲਿਜਾਣ ਤੇ ਛੱਡਣ ਦਾ ਪ੍ਰਬੰਧ ਹੋਵੇਗਾ।

ਹੋਰ ਜਾਣਕਾਰੀ ਲਈ ਫ਼ੋਨ ਕਰੋ :

ਰਣਜੀਤ ਸਿੰਘ ਗਿੱਲ — 596-1843

**THE CANADA DARPAN**
(Punjabi Weekly Newspaper)
P.O.BOX 265
Surrey, B.C. V3T 4W8
Chief Editor: DARSHAN GILL
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਂਵਾਰ ਹਨ । ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ।
Ph. 581-4473

# ਹਰਿਆਣਾ ਵਿਚ ਕਾਂਗਰਸ ਦੀ ਹਾਰ

ਹਰਿਆਣਾ ਵਿਚ ਕਾਂਗਰਸ ਦੀ ਹਾਰ ਦਾ ਕਾਰਨ ਉਸ ਵਲੋਂ ਅਪਣਾਈ ਜਾ ਰਹੀ ਮੌਕਾਪ੍ਰਸਤ ਸਿਆਸਤ ਹੈ ਜਿਸ ਕਾਰਨ ਉਹ ਅੱਜ ਭਾਰਤ ਦੇ ਲੋਕਾਂ ਵਿਚੋਂ ਨਿਖੜ ਚੁੱਕੀ ਹੈ। ਇਸ ਮੌਕਾਪ੍ਰਸਤ ਸਿਆਸਤ ਦਾ ਇਕੋ ਇਕ ਮਨੋਰਥ ਰਾਜ ਸੱਤਾ ਵਿਚ ਰਹਿਣਾ ਹੈ । ਹੁਣ ਲੋਕਾਂ ਨੇ ਇਹ ਜਾਣ ਲਿਆ ਹੈ ਕਿਉਂਕਿ ਕਾਂਗਰਸ ਦੀ ਕੇਂਦਰੀ ਸਰਕਾਰ ਕੌਮੀ ਪੱਧਰ ਦੇ ਮਸਲਿਆਂ ਨੂੰ ਨਹੀਂ ਨਿਪਟਾਉਂਦੀ। ਜਿਵੇਂ ਪੰਜਾਬ ਦਾ ਮਸਲਾ ਹੀ ਹੈ, ਇਸ ਨੂੰ ਇਸ ਲਈ ਖੜਾ ਰਖਿਆ ਗਿਆ ਹੈ ਕਿ ਉਹ ਹਰਿਆਣਾ ਵਿਚ ਜਿੱਤ ਸਕੇ । ਇਸ ਤਰ੍ਹਾਂ ਦੀ ਕਿਧਰੇ ਉਹ ਮੁਸਲਮ ਲੀਗ ਨੇ ਗੱਠਜੋੜ ਕਰਦੀ ਹੈ ਕਿਧਰੇ ਹਿੰਦੂ ਫਿਰਕਾਪ੍ਰਸਤਾਂ ਨਾਲ ਕਿਧਰੇ ਤਿਰੀਪੁਰਾ ਦੀ ਉਪਜਾਤੀ ਸੰਘ ਵਰਗੀ ਵੱਖਵਾਦੀ ਜੱਥੇਬੰਦੀ ਨਾਲ । ਦਾਰਜੀਲਿੰਗ ਦੇ ਘੀਸ਼ਿੰਗ ਨੂੰ ਇਸ ਲਈ ਖੜ੍ਹਾ ਕੀਤਾ ਹੋਇਆ ਹੈ ਤਾਂ ਜੋ ਉਹ ਬੰਗਾਲ ਦੀ ਖੱਬੀ ਸਰਕਾਰ ਨੂੰ ਉਲਝਾ ਕੇ ਰੱਖੇ । ਇਸ ਤਰ੍ਹਾਂ ਕਾਂਗਰਸ ਦੀ ਮੌਕਾਪ੍ਰਸਤ ਸਿਆਸਤ ਦੇ ਕਾਰਨ ਉਸ ਦੀ ਲੋਕਾਂ ਵਿਚੋਂ ਸਾਖ ਹੇਠਾਂ ਲਹਿ ਗਈ ਹੈ । ਇਹ ਕਿਸੇ ਰਾਜਸੀ ਪਾਰਟੀ ਦੀ ਸਾਖ ਹੀ ਹੁੰਦੀ ਹੈ ਜੋ ਲੋਕਾਂ ਦਾ ਭਰੋਸਾ ਜਿੱਤ ਸਕਦੀ ਹੁੰਦੀ ਹੈ। ਜੇਕਰ ਰਾਸ਼ਟਰਪਤੀ ਦੀ ਚੋਣ ਵੀ ਕਾਂਗਰਸ ਦੇ ਉਮੀਦਵਾਰ ਦੀ ਹਾਰ ਵਿਚ ਨਿਕਲਦੀ ਹੈ ਤਾਂ ਸਮਝੋ ਕਿ ਕਾਂਗਰਸ ਅੰਦਰੂਨੀ ਫੁਟ ਦਾ ਵੀ ਸ਼ਿਕਾਰ ਹੋ ਚੁੱਕੀ ਹੈ ਜਿਸ ਦੇ ਸਬੂਤ ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ ਦੀ ਅਣਬਣ, ਰੱਖਿਆ ਸੌਦਿਆਂ ਵਿਚ ਘਾਲੇ ਮਾਲੇ ਅਤੇ ਹੋਰ ਅਨੇਕਾਂ ਸਕੈਂਡਲ ਹਨ । ਦੂਜੇ ਪਾਸੇ ਜਾਪਦਾ ਹੈ ਕਿ ਵਿਰੋਧੀ ਪਾਰਟੀਆਂ ਲੋਕ ਪੱਖੀ ਪਰੋਗਰਾਮ ਦੇ ਆਧਾਰ ਉਪਰ ਜੇ ਸਾਂਝਾ ਫਰੰਟ ਬਣਾਉਣ ਵਿਚ ਕਾਮਯਾਬ ਹੋ ਜਾਂਦੀਆਂ ਹਨ ਤਾਂ 1989 ਦੀਆਂ ਚੋਣਾਂ ਵਿਚ ਕਾਂਗਰਸ 1977 ਵਾਂਗ ਇਕ ਵਾਰ ਫਿਰ ਕੌਮੀ ਪੱਧਰ ਉਪਰ ਵੱਡੀਆਂ ਹਾਰਾਂ ਦਾ ਮੂੰਹ ਦੇਖੇ, ਜੋ ਕਿ ਕਾਂਗਰਸ ਪਾਰਟੀ ਦੇ ਖਾਤਮੇ ਵੱਲ ਰਾਹ ਨੂੰ ਪਧਰਾ ਕਰ ਸਕਦੀ ਹੈ ।

## ਫਾਂਸੀ ਦਾ ਫੰਧਾ ਟੁੱਟਾ

ਕੈਨੇਡਾ ਦੀ ਪਾਰਲੀਮੈਂਟ ਨੇ ਇਕ ਗੈਰ ਸਰਕਾਰੀ ਮਤੇ ਨੂੰ 127 ਦੇ ਮੁਕਾਬਲੇ 148 ਨਾਲ ਹਰਾ ਕੇ ਫਾਂਸੀ ਦੀ ਸਜ਼ਾ ਬਹਾਲ ਕਰਨ ਨੂੰ ਰੱਦ ਕਰ ਦਿੱਤਾ ਹੈ। ਇਸ ਬਾਰੇ ਕਾਫੀ ਬਹਿਸ ਚੱਲ ਰਹੀ ਸੀ। ਕੁਝ ਪੁਲੀਸ ਮੈਨਾਂ ਨੇ ਕਤਲਾਂ, ਕੁਝ ਬੱਚਿਆਂ ਦੇ ਕਤਲਾਂ ਆਦਿ ਨੂੰ ਲੈ ਕੇ ਇਕ ਧਿਰ ਫਾਂਸੀ ਦੀ ਸਜ਼ਾ ਬਹਾਲ ਕਰਨ ਦੀ ਮੰਗ ਕਰ ਰਹੀ ਸੀ ।

ਅੱਜ ਅਸੀਂ ਵੀਹਵੀਂ ਸਦੀ ਦੇ ਆਖਰੀ ਸਾਲਾਂ ਵਿਚ ਰਹਿ ਰਹੇ ਹਾਂ ਫਿਰ ਉਸ ਦੇਸ਼ ਵਿਚ, ਜੋ ਮੁਖ ਪੂੰਜੀਵਾਦੀ ਦੇਸ਼ਾਂ ਵਿਚ ਵਿਕਸਤ ਸਭਿਅਤਾ ਵਾਲਾ ਦੇਸ਼ ਅਖਵਾਉਂਦਾ ਹੈ । ਅਜਿਹੇ ਦੇਸ਼ ਵਿਚ ਮਨੁਖੀ ਕਦਰਾਂ ਕੀਮਤਾਂ ਨੂੰ ਮਧ ਯੁਗ ਵਾਂਗ ਨਹੀਂ ਦੇਖਿਆ ਜਾ ਸਕਦਾ । ਕਿ ਕਾਤਲ ਨੂੰ ਕਤਲ ਕੀਤਾ ਜਾਣਾ ਹੀ ਇਨਸਾਫ ਦਾ ਤਕਾਜ਼ਾ ਹੈ। ਇਕ ਬੁਰਾਈ ਨੂੰ ਇਕ ਹੋਰ ਬੁਰਾਈ ਨਾਲ ਖਤਮ ਨਹੀਂ ਕੀਤਾ ਜਾ ਸਕਦਾ । ਫਾਂਸੀ ਦੀ ਸਜ਼ਾ ਬਹਾਲ ਕਰਨ ਵਿਰੁੱਧ ਸਾਡੇ ਭਾਈਚਾਰੇ ਵਿਚੋਂ ਸ੍ਰੀ ਉਜੱਲ ਦਸਾਂਝ ਨੇ ਇਕ ਯਤਨ ਕੀਤਾ, ਭਾਵੇਂ ਕਿ ਉਹ ਸਾਡੀ ਕਮਿਊਨਿਟੀ ਵਿਚ ਉਭਰ ਕੇ ਸਾਹਮਣੇ ਨਹੀਂ ਆਇਆ। ਫਿਰ ਵੀ ਉਹ ਨਿਰਸੰਦੇਹ ਇਕ ਪ੍ਰਸੰਸਾ ਯੋਗ ਯਤਨ ਸੀ ।

ਬਾਕੀ ਪੰਨਾ 5 'ਤੇ

# ਸਾਬਕਾ ਅਕਾਲੀ ਮੰਤਰੀਆਂ ਨੇ ਲੱਖਾਂ ਰੁਪਏ ਹੜੱਪ ਕੀਤੇ ਅਤੇ ਖਾਲਿਸਤਾਨੀਆਂ ਨੂੰ ਪਨਾਹ ਦਿੱਤੀ

—ਖੜਕ ਸਿੰਘ—

ਬੂਟਾ ਸਿੰਘ ਨੇ ਆਪਣੀ ਪੁਜ਼ੀਸ਼ਨ ਸਪੱਸ਼ਟ ਕਰਨ ਲਈ ਪੱਤਰਕਾਰ ਨੂੰ ਜੋ ਜੁਆਬ ਦਿੱਤੇ ਉਹ ਬਹੁਤ ਹੀ ਹੈਰਾਨੀਜਨਕ ਅਤੇ ਰਾਜੀਵ ਜੁੰਡੀ ਦੀ ਮਕਾਰੀ ਨੂੰ ਸਪੱਸ਼ਟ ਕਰਨ ਵਾਲੇ ਸਨ। ਬੂਟਾ ਸਿੰਘ ਦੇ ਕਥਨ ਅਨੁਸਾਰ ਬਰਨਾਲਾ ਸਰਕਾਰ ਦੀ ਹੋਂਦ ਸਿਰਫ ਕਾਗਜ਼ਾਂ ਵਿਚ ਸੀ ਅਤੇ ਇਸ ਹਾਲਤ ਵਿਚ ਅਜਿਹੀ ਸਰਕਾਰ ਨੂੰ ਪਾਸੇ ਕਰਕੇ ਗਵਰਨਰੀ ਰਾਜ ਲਾਗੂ ਕਰਨਾ ਦਰੁਸਤ ਹੀ ਬਣਦਾ ਸੀ ।

ਜੇ ਇਹ ਵੀ ਮੰਨ ਲਿਆ ਜਾਵੇ ਕਿ ਬਰਨਾਲਾ ਮੰਤਰੀ ਮੰਡਲ ਦੇ ਬਹੁਤ ਸਾਰੇ ਮੰਤਰੀ ਅਤਿਵਾਦੀਆਂ ਨਾਲ ਮਿਲੇ ਹੋਏ ਸਨ ਅਤੇ ਬਰਨਾਲਾ ਹੀ ਸਿਰਫ ਇਕੋ ਇਕ ਅਜਿਹਾ ਬਚਿਆ ਸੀ ਜਿਹੜਾ ਖਾਲਿਸਤਾਨੀਆਂ ਨਾਲ ਲੜ ਰਿਹਾ ਸੀ ਤਾਂ ਕੇਂਦਰੀ ਸਰਕਾਰ ਨੇ ਅਤਿਵਾਦ ਵਿਰੋਧੀ ਕਾਨੂੰਨ ਅਧੀਨ ਕਿੰਨੇ ਮੰਤਰੀਆਂ ਨੂੰ ਅੰਦਰ ਦਿੱਤਾ ? ਜੇ ਚੰਦੂ ਮਾਜਰਾ ਨੂੰ ਪਕੜਿਆ ਵੀ ਤਾਂ ਭ੍ਰਿਸ਼ਟਾਚਾਰ ਦੇ ਦੋਸ਼ ਹੇਠ ਜਦੋਂ ਕਿ ਬਲਵੰਤ ਸਿੰਘ, ਉਬੋਕੇ ਵਰਗੇ ਅਨੇਕਾਂ ਅਜਿਹੇ ਮੰਤਰੀ ਹਨ ਜਿਹੜੇ ਅੱਜ ਵੀ ਹਰਿਆਣਾ ਚੋਣਾਂ ਮੁੜ ਮੰਤਰੀ ਪਦ ਸੰਭਾਲਣ ਦੀਆਂ ਤਿਆਰੀਆਂ ਕਰ ਰਹੇ ਹਨ । ਇਕ ਪਾਸੇ ਗ੍ਰਹਿ ਮੰਤਰੀ ਇਹਨਾਂ ਉਪਰ ਖਾਲਿਸਤਾਨੀਆਂ ਨਾਲ ਮਿਲੇ ਹੋਣ ਦਾ ਦੋਸ਼ ਲਾ ਰਿਹਾ ਹੈ । ਸਮਾਨਅੰਤਰ ਸਰਕਾਰ ਦੀਆਂ ਗੱਲਾਂ ਕਰ ਰਿਹਾ ਹੈ ਅਤੇ ਦੂਸਰੇ ਪਾਸੇ ਭੰਗ ਹੋਏ ਮੰਤਰੀ ਮੰਡਲ (ਕੁਝ ਨੂੰ ਛੱਡ) ਨੂੰ ਮੰਤਰੀਆਂ ਵਾਲੀਆਂ ਸਾਰੀਆਂ ਸਹੂਲਤਾਂ ਉਸੇ ਤਰਾਂ ਕਾਇਮ ਹਨ, ਸ਼ਾਇਦ ਇਹ ਸਭ ਕੁਝ ਇਨਾਮ ਵਜੋਂ ਦਿਤਾ ਜਾ ਰਿਹਾ ਹੋਵੇ ।

ਜਦੋਂ ਗ੍ਰਹਿ ਮੰਤਰੀ ਆਪ ਮੰਨਦਾ ਹੈ ਕਿ ਰੂੜੀਵਾਦੀਆਂ ਵਲੋਂ ਚਲਾਈ ਜਾ ਰਹੀ ਮੁਹਿੰਮ ਨਾਲ ਬਰਨਾਲਾ ਖੁਦ ਵੀ ਸਹਿਮਤ ਸੀ ਤਾਂ ਫਿਰ ਇਹ ਕਿਵੇਂ ਪੇਸ਼ ਕੀਤਾ ਜਾ ਰਿਹਾ ਹੈ ਕਿ ਸਿਰਫ ਬਰਨਾਲਾ ਹੀ ਖਾਲਿਸਤਾਨੀਆਂ ਨਾਲ ਲੜ ਰਿਹਾ ਹੈ ।

## ਬਰਨਾਲਾ ਸਰਕਾਰ ਨੇ ਕਾਤਲਾਂ ਦੀ ਮੱਦਦ ਕੀਤੀ — ਬੂਟਾ ਸਿੰਘ

ਗੱਲ ਏਥੇ ਹੀ ਖਤਮ ਨਹੀਂ ਹੁੰਦੀ। ਵਿਚਾਰਾ ਗ੍ਰਹਿ ਮੰਤਰੀ ਇਕ ਪਾਸੇ ਬਰਨਾਲਾ ਦੀ ਹਮਾਇਤ ਕਰਨ ਨੂੰ ਦਰੁਸਤ ਮੰਨਦਾ ਹੈ ਪਰ ਦੂਸਰੇ ਪਾਸੇ ਪੱਤਰਕਾਰ ਦੇ ਇਸ ਸੁਆਲ "ਕੀ ਇਨ੍ਹਾਂ ਸਾਰੀਆਂ ਗੱਲਾਂ ਦਾ ਕੋਈ ਆਪਸੀ ਜੋੜ ਮੇਲ ਹੈ?" ਦਾ ਜੁਆਬ ਦੇਂਦਾ ਹੋਇਆ ਕਹਿੰਦਾ ਹੈ ਕਿ — "ਹਾਂ ਸਾਡੇ ਕੋਲ ਜੁਆਬ ਹੈ। ਇਹਨਾਂ ਨੇ (ਬਰਨਾਲਾ ਸਰਕਾਰ ਨੇ) ਜੁਰਮ ਕਰਨ ਵਾਲੇ ਅਨਸਰਾਂ ਤੋਂ ਕੇਸ ਵਾਪਸ ਲਏ ਇਹਨਾਂ ਦੀ ਬਹੁਗਿਣਤੀ ਨੂੰ ਜੇਲ੍ਹਾਂ ਵਿਚੋਂ ਰਿਹਾ ਕੀਤਾ ਅਤੇ ਸਰਕਾਰੀ ਪੈਸੇ ਨੂੰ ਉਹਨਾਂ ਦੀ ਮੱਦਦ ਕਰਨ ਲਈ ਵਰਤਿਆ ।"

ਕਿੰਨੀ ਅਜੀਬ ਪ੍ਰਸਥਿਤੀ ਹੈ ਗ੍ਰਹਿ ਮੰਤਰੀ ਦੀ, ਏਥੇ ਸਿਰਫ ਇਕੋ ਸੁਆਲ ਕਿ ਜਦੋਂ ਬਰਨਾਲਾ ਸਰਕਾਰ ਕਾਇਮ ਹੋਈ ਅਤੇ ਉਸਨੇ ਸਰਕਾਰੀ ਪੈਸੇ ਨੂੰ ਜੁਰਮ ਕਰਨ ਵਾਲਿਆਂ ਨੂੰ ਮੱਦਦ ਦੇਣ ਲਈ ਵਰਤਿਆ ਤਾਂ ਉਸ ਸਮੇਂ ਕੇਂਦਰੀ ਸਰਕਾਰ ਕੀ ਕਰਦੀ ਸੀ ? ਇਹ ਸਭ ਕੁਝ ਤਾਂ ਬਹੁਤ ਸਮਾਂ ਪਹਿਲਾਂ ਹੀ ਹੋ ਗਿਆ ਸੀ । ਕੇਂਦਰੀ ਸਰਕਾਰ ਬਰਨਾਲਾ ਦੀ ਮੱਦਦ ਕਰਕੇ ਲੋਕਾਂ ਨੂੰ ਗੁਮਰਾਹ ਕਰ ਰਹੀ ਸੀ। ਜੇ ਇਹ ਮੰਨ ਹੀ ਲਿਆ ਜਾਵੇ ਕਿ ਕੇਂਦਰੀ ਸਰਕਾਰ ਸਰਕਾਰੀ ਪੈਸੇ ਨੂੰ ਇਸ ਕਿਸਮ ਦੇ ਅਨਸਰਾਂ ਦੀ ਮੱਦਦ ਲਈ ਨਹੀਂ ਵਰਤਦੀ ਤਾਂ ਜਦੋਂ ਉਹ ਬਰਨਾਲਾ ਦੀ ਹਮਾਇਤ ਕਰਦੀ ਹੈ (ਜਿਹੜੀ ਹਮਾਇਤ ਅੱਜ ਵੀ ਵਾਪਸ ਨਹੀਂ ਲਈ ਅਤੇ ਨਾ ਹੀ ਅਸੈਂਬਲੀ ਭੰਗ ਕੀਤੀ ਹੈ) ਤਾਂ ਇਸ ਵਿਚ ਫਰਕ ਕੀ ਹੈ । ਇਸ ਦੋਸ਼ ਅਧੀਨ ਤਾਂ ਕੇਂਦਰੀ ਸਰਕਾਰ ਨੂੰ ਗੱਦੀ ਤੇ ਕਾਇਮ ਰਹਿਣ ਦਾ ਵੀ ਕੋਈ ਇਖਲਾਕੀ ਹੱਕ ਨਹੀਂ ਪਰ ਇਖਲਾਕ ਅਤੇ ਸਰਕਾਰ ਦੋਵੇਂ ਵੱਖ ਵੱਖ ਗੱਲਾਂ ਹਨ ।

ਇਕ ਹੋਰ ਸੁਆਲ— "ਕੀ ਤੁਸੀਂ ਇਕ ਅਜਿਹੇ ਮੰਤਰੀ ਮੰਡਲ ਨੂੰ ਡਿਸਮਿਸ ਨਹੀਂ ਕੀਤਾ ਜਿਹੜਾ ਬਹੁਗਿਣਤੀ ਵਿਚ ਹੈ ?"

"ਇਹ ਬਹੁਗਿਣਤੀ ਅਖੌਤੀ ਹੈ । ਸੁਪਰੀਮ ਕੋਰਟ ਨੇ ਇਹ ਤਹਿ ਕੀਤਾ ਹੈ ਕਿ ਉਹਨਾਂ ਸਾਰੇ ਐਮ. ਐਲ. ਏ. ਨੂੰ ਰਾਸ਼ਟਰਪਤੀ ਚੋਣ ਵਿਚ ਵੋਟ ਦੇਣ ਦਾ ਅਧਿਕਾਰ ਹੈ ਜਿਹਨਾਂ ਨੂੰ ਸਪੀਕਰ ਨੇ ਰੱਦ ਕਰ ਦਿੱਤਾ ਹੈ। ਇਸ ਕਰਕੇ ਉਹ ਸਾਰੇ ਤਾਂ ਮੈਂਬਰ ਹੋਏ ।"

ਸੁਆਲ— "ਇਸ ਕਰਕੇ ਤੁਸੀਂ ਇਹ ਵਿਸ਼ਵਾਸ ਕਰਦੇ ਹੋ ਕਿ ਬਰਨਾਲਾ ਸਰਕਾਰ ਘੱਟ ਗਿਣਤੀ 'ਚ ਰਹਿ ਗਈ ਹੈ ?"

"ਮੈਂ ਇਕ ਸਧਾਰਨ ਆਦਮੀ ਹਾਂ, ਕਾਨੂੰਨੀ ਮਾਹਰ ਨਹੀਂ। ਜਦੋਂ ਤੋਂ ਸੁਪਰੀਮ ਕੋਰਟ ਨੇ ਉਹਨਾਂ ਦੇ ਵੋਟ ਅਧਿਕਾਰ ਦੀ ਪੁਸ਼ਟੀ ਕਰ ਦਿੱਤੀ ਹੈ ਤਾਂ ਉਹ ਟੈਕਨੀਕਲ ਮੈਂਬਰ ਹੀ ਹਨ ।"

ਕਿੰਨੀ ਅਜੀਬ ਹਾਲਤ ਹੈ ਵਿਚਾਰੇ ਗ੍ਰਹਿ ਮੰਤਰੀ ਦੀ। ਜਿਹੜਾ ਬਰਨਾਲਾ ਸਰਕਾਰ ਨੂੰ ਘੱਟ ਗਿਣਤੀ ਦੀ ਸਰਕਾਰ ਦੱਸਦਾ ਹੋਇਆ ਆਪਣੇ ਆਪ ਨੂੰ ਸਧਾਰਨ ਵਿਅਕਤੀ ਦੱਸਦਾ ਹੈ ਅਤੇ ਸੁਪਰੀਮ ਕੋਰਟ ਦੇ ਫੈਸਲੇ ਨੂੰ ਅਧਾਰ ਬਣਾ ਕੇ ਬਰਨਾਲਾ ਸਰਕਾਰ ਨੂੰ ਘੱਟ ਗਿਣਤੀ ਦੀ ਸਰਕਾਰ ਘੋਸ਼ਿਤ ਕਰਦਾ ਹੈ । ਜੇ ਇਸ ਗੱਲ ਨੂੰ ਵੀ ਮੰਨ ਲਿਆ ਜਾਵੇ ਤਾਂ ਵੀ ਬੂਟਾ ਸਿੰਘ ਇਕ ਹੋਰ ਸਮੱਸਿਆ ਵਿਚ ਉਲਝ ਜਾਂਦਾ ਹੈ। ਜਿਵੇਂ —

ਪੱਤਰਕਾਰ— "ਜੇ ਅਕਾਲੀ ਮੰਤਰੀ ਮੰਡਲ ਘੱਟ ਗਿਣਤੀ ਵਿਚ ਹੈ ਤਾਂ ਕਾਂਗਰਸ ਆਈ ਵਲੋਂ ਹਮਾਇਤ ਵਾਪਸ ਲੈਣ ਨਾਲ ਉਸਦੀ ਸਰਕਾਰ ਆਪਣੇ ਆਪ ਹੀ ਗਿਰ ਜਾਂਦੀ ਹੈ?"

"ਅਸੀਂ ਇਸ ਕਿਸਮ ਦੀ ਨਕੰਮੀ ਸਰਕਾਰ ਨੂੰ ਸ਼ੱਕੀ ਢੰਗ ਨਾਲ ਕਿਉਂ ਤੋੜੀਏ ? ਸਥਿਰਤਾ ਕਾਇਮ ਰੱਖਣਾ ਸਾਡੀ ਆਪਣੀ ਜ਼ਿੰਮੇਵਾਰੀ ਹੈ ਇਸ ਕਰਕੇ ਅਸੀਂ ਇਹ ਖੁੱਲ੍ਹਾ ਐਕਸ਼ਨ ਕਰਨ ਦਾ ਰਾਹ ਅਪਣਾਇਆ ਅਤੇ ਸਰਕਾਰ ਨੂੰ ਡਿਸਮਿਸ ਕਰ ਦਿੱਤਾ ।

ਗ੍ਰਹਿ ਮੰਤਰੀ ਨੂੰ ਇਸ ਸਚਾਈ ਦਾ ਵੀ ਜੁਆਬ ਦੇਣਾ ਚਾਹੀਦਾ ਸੀ ਕਿ ਜੇ ਇਸ ਦਲੀਲ ਨੂੰ ਵੀ ਮੰਨ ਲਿਆ ਜਾਵੇ ਕਿ ਕੇਂਦਰ ਖੁੱਲ੍ਹਾ ਐਕਸ਼ਨ ਪਸੰਦ ਕਰਦਾ ਸੀ ਤਾਂ ਫਿਰ ਕਾਂਗਰਸ ਆਈ ਦੀ ਹਮਾਇਤ ਵਾਪਸ ਨਾ ਲੈਣ ਦਾ ਕੀ ਤੁਕ ਹੈ ? ਅਸਲੀਅਤ ਤਾਂ ਇਹ ਹੈ ਕਿ ਆਪਣੀ ਮਕਾਰੀ ਨੂੰ ਛੁਪਾਉਣ ਲਈ ਗ੍ਰਹਿ ਮੰਤਰੀ ਉਗ ਦੀਆਂ ਪਤਾਲ ਮਾਰਕੇ ਇਹ ਸਾਬਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਕੇਂਦਰ ਪੰਜਾਬ ਦੇ ਉਹਨਾਂ ਲੋਕਾਂ ਪ੍ਰਤੀ ਇਮਾਨਦਾਰ ਹੈ ਜਿਹੜੇ ਖਾਲਿਸਤਾਨੀਆਂ ਦੀਆਂ ਗੋਲੀਆਂ ਦਾ ਨਿਸ਼ਾਨਾ ਬਣਾਏ ਜਾ ਰਹੇ ਹਨ । ਪਰ ਉਸਦੀਆਂ ਕਾਰਵਾਈਆਂ ਅਤੇ ਬੂਟਾ ਸਿੰਘ ਦੀ ਪੱਤਰਕਾਰ ਨਾਲ ਮੁਲਾਕਾਤ ਇਹ ਸਾਬਤ ਕਰਦੀ ਹੈ ਕਿ ਕੇਂਦਰ ਅਤੇ ਬਰਨਾਲਾ ਸਰਕਾਰ ਦੋਵੇਂ ਹੀ ਆਪਣੇ ਰਾਜਨੀਤਕ ਲਾਭਾਂ ਲਈ ਪੰਜਾਬ ਦੇ ਲੋਕਾਂ ਨਾਲ ਖਲਵਾੜ ਕਰ ਰਹੇ ਹਨ

ਕੀ ਬਰਨਾਲਾ ਨੂੰ ਇਰਾਡੀ ਕਮਿਸ਼ਨ ਦੀ ਰੀਪੋਰਟ ਤੇ ਸਹਿਮਤ ਕਰਨ ਲਈ ਸਰਕਾਰ ਤੋੜੀ ? ਇਕ ਵਿਚਾਰ ਇਹ ਵੀ ਹੈ ਕਿ ਕੇਂਦਰ ਸਰਕਾਰ ਬਰਨਾਲਾ ਮੰਤਰੀ ਮੰਡਲ ਨੂੰ ਇਰਾਡੀ ਕਮਿਸ਼ਨ ਦੀ ਰੀਪੋਰਟ ਤੇ ਸਹਿਮਤ ਕਰਨ ਲਈ ਦਬਾਅ ਪਾ ਰਿਹਾ ਹੈ ।

ਸੁਆਲ— "ਜਾਂ ਕੀ ਇਹ ਸੱਚ ਹੈ ਕਿ ਬਰਨਾਲਾ ਇਰਾਡੀ ਕਮਿਸ਼ਨ ਦੀ ਰੀਪੋਰਟ ਮੰਨਣ ਤੋਂ ਇਨਕਾਰ ਕਰਦਾ ਸੀ ? ਜਿਹੜੀ ਰੀਪੋਰਟ ਹਰਿਆਣਾ ਦੇ ਹੱਕ ਵਿਚ ਭੁਗਤਦੀ ਹੈ ?"

"ਇਹ ਬਿਲਕੁਲ ਹੀ ਝੂਠਾ ਦੋਸ਼ ਹੈ। ਕਿਸੇ ਵਿਅਕਤੀ ਨੂੰ ਮਜ਼ਬੂਰ ਕਰਕੇ ਫੈਸਲਾ ਮਨਾਉਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ ।"

ਬਾਕੀ ਪੰਨਾ 5 'ਤੇ

**Immigration and Citizenship Matters**
**JAMES SUE & COMPANY**
**Immigration Advocates**

- Filing a successful application for immigrant & business Visas
- Family Re-Unification
- Indian Adoptions
- Making a Refugee Claim
- Inquiries & Deportation
- Immigration Appeal Board matters
- Assisted relative applications for brother, sister, uncles, Aunts, nephews and Nieces — Married or single regardless of age.
- Hindi, Punjabi spoken

Evening Office : 433-4685

If you need help and require updated information — Contact :

**BABU JIM NARAIN** of James, Sue & Company who has 18 years of experience on Immigration and Citizenship matters with top Immigration Lawyers.

5024 Victoria Drive, Vancouver, B.C. V5P 3T8

**ਸਪੈਸ਼ਲ ਅਨਾਊਂਸਮੈਂਟ**

ਨਵੀਂ ਇਮੀਗਰੇਸ਼ਨ ਪਾਲਿਸੀ ਅਨੁਸਾਰ ਤੁਸੀਂ ਭਾਰਤ ਜਾਂ ਕਿਸੇ ਹੋਰ ਦੇਸ਼ ਤੋਂ ਘਰੇਲੂ ਕੰਮ ਕਰਨ ਲਈ ਕਾਮੇ (domestic workers) ਮੰਗਵਾ ਸਕਦੇ ਹੋ ਜਿਨ੍ਹਾਂ ਲਈ ਸਪੈਸ਼ਲ ਵੀਜ਼ਾ ਮਿਲਦਾ ਹੈ ਤੇ ਉਹ ਪੱਕੇ ਇਮੀਗਰੈਂਟ ਬਣ ਸਕਦੇ ਹਨ। ਜੇ ਤੁਸੀਂ ਕਿਸੇ ਨੂੰ ਇਸ ਨਵੀਂ ਪਾਲਿਸੀ ਅਧੀਨ ਮੰਗਵਾਉਣਾ ਚਾਹੁੰਦੇ ਹੋ ਤਾਂ ਹੁਣ ਮੌਕਾ ਹੈ। ਹੋਰ ਜਾਣਕਾਰੀ ਲਈ ਬਾਬੂ ਜਿਮ ਨਰਾਇਣ ਨੂੰ ਮਿਲੋ !

Tel: Off.
324-9441

# ਸਿੱਧੀ ਗੱਲਬਾਤ ਮਾਨ ਕਰੇ ਜਾਂ ਨੌਜਵਾਨ ਕਰਨ ਮੈਨੂੰ ਇਤਰਾਜ਼ ਨਹੀਂ — ਸਿੰਘ ਸਾਹਿਬ

ਫਗਵਾੜਾ — ਸਿੰਘ ਸਾਹਿਬ ਪ੍ਰੋ: ਦਰਸ਼ਨ ਸਿੰਘ ਵਲੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਗਿਆ ਕਿ ਸੰਯੁਕਤ ਅਕਾਲੀ ਦਲ ਦੇ ਪ੍ਰਧਾਨ ਸਿਮਰਨ ਜੀਤ ਸਿੰਘ ਮਾਨ ਖੁਦ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨਾਲ ਗੱਲਬਾਤ ਕਰਨਾ ਚਾਹੁੰਦੇ ਹਨ ਤਾਂ ਕਰ ਸਕਦੇ ਹਨ ਉਹਨਾਂ ਨੂੰ ਕੋਈ ਇਤਰਾਜ਼ ਨਹੀਂ। ਉਹਨਾਂ ਕਿਹਾ ਮਾਨ ਸਾਹਿਬ ਸਿਆਸੀ ਪਾਰਟੀ ਦੇ ਪ੍ਰਧਾਨ ਹਨ ਤੇ ਉਹ ਗੱਲਬਾਤ ਕਰ ਸਕਦੇ ਹਨ। ਯਾਦ ਰਹੇ ਸਿਮਰਨਜੀਤ ਸਿੰਘ ਮਾਨ ਇਸ ਸਮੇਂ ਭਾਗਲਪੁਰ ਜੇਲ੍ਹ ਵਿਚ ਨਜ਼ਰਬੰਦ ਹਨ ਤੇ ਉਹਨਾਂ ਜੇਲ੍ਹ ਅੰਦਰੋਂ ਆਪ ਪ੍ਰਧਾਨ ਮੰਤਰੀ ਨਾਲ ਗੱਲਬਾਤ ਕਰਨ ਦੀ ਇੱਛਿਆ ਪ੍ਰਗਟ ਕੀਤੀ ਸੀ। ਉਹਨਾਂ ਦੀ ਇਸ ਇਛਾ ਬਾਰੇ ਸਿੰਘ ਸਾਹਿਬ ਦੇ ਨਜ਼ਦੀਕੀ ਸ਼੍ਰੋਮਣੀ ਕਮੇਟੀ ਦੇ ਹਲਕਿਆਂ ਅਤੇ ਅਤਿਵਾਦੀ ਗਰੁੱਪਾਂ ਵਲੋਂ ਵੱਖੋ ਵੱਖਰੇ ਖਿਆਲ ਪ੍ਰਗਟ ਕੀਤੇ ਗਏ ਹਨ। ਸਿੰਘ ਸਾਹਿਬ ਨੇ ਕਿਹਾ ਕਿ ਉਹ ਦਲ ਦੇ ਕੰਮ ਵਿਚ ਦਖਲ ਨਹੀਂ ਦੇਣਗੇ ਪਰ ਉਸ ਸਮੇਂ ਜ਼ਰੂਰ ਦਖਲ ਦੇਣਗੇ ਜਦੋਂ ਪੰਥ ਨੂੰ ਕੋਈ ਨੁਕਸਾਨ ਪਹੁੰਚਣ ਦਾ ਖਤਰਾ ਹੋਵੇ।

ਪੱਤਰਕਾਰਾਂ ਨੇ ਸਿੰਘ ਸਾਹਿਬ ਨੂੰ ਪੁਛਿਆ ਕਿ ਕੀ ਉਹਨਾਂ ਦੀ ਜੇਨ ਗੁਰੂ ਨਾਲ ਗੱਲਬਾਤ ਦੇ ਸਿੱਟੇ ਵਜੋਂ ਹੀ ਪੰਜਾਬ ਵਿਚ ਰਾਸ਼ਟਰਪਤੀ ਰਾਜ ਲਾਗੂ ਹੋਇਆ ਹੈ ਤਾਂ ਉਹਨਾਂ ਕਿਹਾ — ਨਹੀਂ ਅਜੇਹਾ ਨਹੀਂ। ਇਕ ਹੋਰ ਸਵਾਲ ਦੇ ਜਵਾਬ ਵਿਚ ਉਹਨਾਂ ਕਿਹਾ ਰਾਸ਼ਟਰਪਤੀ ਰਾਜ ਹੋਵੇ ਜਾਂ ਕੋਈ ਹੋਰ ਪੰਜਾਬ ਵਿਚ ਕਿਸੇ ਨਾਲ ਅਨਿਆਂ ਨਹੀਂ ਹੋਣਾ ਚਾਹੀਦਾ। ਜਦੋਂ ਉਹਨਾਂ ਤੋਂ ਪੁਛਿਆ ਗਿਆ ਕਿ ਕੀ ਉਹ ਗਰਮਦਲੀ ਨੌਜਵਾਨਾਂ ਦੀ ਕੇਂਦਰ ਨਾਲ ਸਿੱਧੀ ਗੱਲਬਾਤ ਦੇ ਹੱਕ ਵਿਚ ਹਨ ਤਾਂ ਉਤਰ ਵਿਚ ਉਹਨਾਂ ਕਿਹਾ — ਹਾਂ—ਸਿੱਧੀ ਗੱਲਬਾਤ ਹੋ ਸਕਦੀ ਹੈ। ਪੰਜਾਬ ਸਮਝੌਤੇ ਨਾਲ ਪੰਜਾਬ ਵਿਚ ਅਮਨ ਨਹੀਂ ਹੋ ਸਕਦਾ। ਕਿਉਂਕਿ ਇਸ ਵਿਚ ਵਿਰੋਧੀਆਂ ਦੀ ਸਲਾਹ ਨਹੀਂ ਸੀ ਲਈ ਗਈ।

ਇਕ ਤਕਰੀਰ ਵਿਚ ਉਹਨਾਂ ਕਿਹਾ — ਸਿੱਖਾਂ ਵਿਚ ਏਕਤਾ ਜ਼ਰੂਰੀ ਹੈ.ਜੇਕਰ ਏਕਤਾ ਨਾ ਹੋਈ ਤਾਂ ਅਸੀਂ ਸਿੱਖੀ ਅਤੇ ਸੱਚ ਦਾ ਰਾਹ ਭੁਲ ਜਾਵਾਂਗੇ। ਇਕ ਦੂਸਰੇ ਨਾਲ ਭਾਰ ਵੰਡਾ ਕੇ ਹੀ ਗੱਲ ਬਣਦੀ ਹੈ। ਜੇਕਰ ਗਰਮ ਖਿਆਲੀ ਨੌਜਵਾਨ ਆਪਣਾ ਘਰ ਮੰਗਦੇ ਹਨ ਤਾਂ ਉਹਨਾਂ ਨੂੰ ਭਰੋਸੇ ਵਿਚ ਲਿਆ ਜਾਏ ਕਿ ਸਾਰਾ ਦੇਸ਼ ਹੀ ਉਹਨਾਂ ਦਾ ਦੇਸ਼ ਹੈ।

# ਸੀ. ਬੀ. ਆਈ. ਵਲੋਂ ਐਂਟੀ-ਕੁਰੱਪਸ਼ਨ ਮੁਹਿੰਮ

ਸੈਂਟਰਲ ਬਿਊਰੋ ਆਫ ਇਨਵੈਸਟੀਗੇਸ਼ਨ ਦੇ ਅਮਲੇ ਵਲੋਂ 25 ਜੂਨ ਨੂੰ ਦੇਸ਼ ਭਰ ਵਿਚ ਵੱਡੇ ਪੱਧਰ ਤੇ ਛਾਪੇ ਮਾਰੇ ਗਏ। ਇਹ ਛਾਪੇ 18 ਮੁਖ ਸ਼ਹਿਰਾਂ ਵਿਚ 76 ਥਾਵਾਂ ਉਪਰ ਮਾਰੇ ਗਏ। ਕਈ ਸੂਬਿਆਂ ਦੀਆਂ ਰਾਜਧਾਨੀਆਂ ਵੀ ਸ਼ਾਮਲ ਸਨ। ਇਨ੍ਹਾਂ ਦਾ ਨਿਸ਼ਾਨਾ ਰੇਲਵੇ, ਕੌਮੀ ਕੀਤੀਆਂ ਬੈਂਕਾਂ, ਇਨਕਮ ਟੈਕਸ ਤੇ ਕਸਟਮ ਮਹਿਕਮੇ ਦੇ ਅਫਸਰ ਸਨ। ਕਿਹਾ ਗਿਆ ਹੈ ਕਿ ਏਡੀ ਪੱਧਰ ਤੇ ਕਾਰਵਾਈ ਕੁਰਪਸ਼ਨ ਰੋਕਣ ਲਈ ਕੀਤੀ ਗਈ ਹੈ।

ਇਸ ਦੌਰਾਨ 24 ਅਜਿਹੇ ਕੇਸ ਵੀ ਦਰਜ ਕੀਤੇ ਗਏ ਹਨ ਜੋ ਕਿ ਸੰਬੰਧਿਤ ਵਿਅਕਤੀਆਂ ਦੇ ਮਾਇਕ ਮਿਆਰ ਨਾਲ ਮੇਲ ਕੇ ਸ਼ੱਕ ਦਾ ਅਧਾਰ ਬਣਦੇ ਹਨ। ਕਈ ਅਫਸਰਾਂ ਦੇ ਨਾਂ ਕੁਝ ਜਾਇਦਾਦ ਤੇ ਧਨ ਇੰਨਾ ਹੈ ਜੋ ਤਨਖਾਹਾਂ ਤੋਂ ਪੈਦਾ ਨਹੀਂ ਹੋ ਸਕਦਾ। ਸਾਜ਼ਿਸ਼ ਅਤੇ ਹੋਰ ਬੇਅਸੂਲੀਆਂ ਨੂੰ ਧਿਆਨ 'ਚ ਰੱਖਿਆ ਗਿਆ ਹੈ। ਇਸ ਸਬੰਧ ਵਿਚ 50 ਵਿਅਕਤੀਆਂ ਨੂੰ ਉਲਝਾ ਲਿਆ ਗਿਆ ਹੈ ਜਿਨ੍ਹਾਂ 'ਚੋਂ ਬਹੁਤੇ ਸੀਨੀਅਰ ਅਧਿਕਾਰੀ ਹਨ।

# ਬਾਹਰਲੇ ਰਾਜਾਂ ਦੇ ਸਿਖ ਪੰਜਾਬ ਦੇ ਸਿੱਖਾਂ ਤੋਂ ਡਰਨ ਲੱਗੇ

ਅੰਮ੍ਰਿਤਸਰ — ਅਤਿਵਾਦੀਆਂ ਕਾਰਨ ਸਿਖਾਂ ਅਤੇ ਸਿਖੀ ਦੇ ਵਕਾਰ ਨੂੰ ਕਿੰਨੀ ਅਸਹਿ ਸੱਟ ਵੱਜੀ ਹੈ ਇਸ ਦਾ ਇਕ ਹੋਰ ਸਬੂਤ ਮਿਲਿਆ ਹੈ। ਪੰਜਾਬ ਵਿਚੋਂ ਦੇਸ਼ ਦੇ ਦੂਸਰੇ ਹਿਸਿਆਂ ਵਿਚ ਯਾਤਰਾ ਲਈ ਜਾਂਦੇ ਸਿੱਖਾਂ ਨੂੰ ਗੁਰਦੁਆਰਿਆਂ ਵਿਚ ਰਾਤ ਬਸੇਰਾ ਕਰਨ ਦੀ ਆਗਿਆ ਨਹੀਂ ਦਿੱਤੀ ਜਾਂਦੀ ਕਿਉਂਕਿ ਗੁਰਦੁਆਰਾ ਪ੍ਰਬੰਧਕ ਡਰਦੇ ਹਨ ਕਿ ਪਤਾ ਨਹੀਂ ਕਿਹੜਾ ਸਿਖ ਵਿਚੋਂ ਅਤਿਵਾਦੀ ਨਿਕਲ ਆਏ ਤੇ ਰਾਤੋ ਰਾਤ ਕੋਈ ਕਾਰਾ ਕਰ ਜਾਏ।

ਪਹਿਲਾਂ ਤਾਂ ਇਹ ਦੁਖ ਹੁੰਦਾ ਸੀ ਕਿ ਬਾਹਰਲੇ ਗੈਰ ਸਿੱਖਾਂ ਵਲੋਂ ਸਰਦਾਰਾਂ ਨੂੰ ਉਹ ਸਤਿਕਾਰ ਨਹੀਂ ਮਿਲਦਾ ਜੋ ਪਹਿਲਾਂ ਮਿਲਦਾ ਸੀ ਪਰ ਹੁਣ ਪੰਜਾਬ ਦੇ ਸਿੱਖਾਂ ਨੂੰ ਦੇਖ ਕੇ ਸਿਖ ਹੀ ਡਰਨ ਲੱਗੇ ਹਨ। ਇਸ ਗੱਲ ਦਾ ਪ੍ਰਗਟਾਵਾ ਇਕ ਸਨਅਤਕਾਰ ਜਗੀਰ ਸਿੰਘ ਖੁੰਡੀ ਨੇ ਕੀਤਾ ਹੈ। ਉਹਨਾਂ ਦਾ ਕਹਿਣਾ ਹੈ ਕਿ ਪੰਜਾਬ ਤੋਂ ਬਾਹਰਲੇ ਗੁਰਦੁਆਰੇ ਬੜੀ ਸਾਵਧਾਨੀ ਵਰਤਦੇ ਹਨ ਦਿਨ ਵੇਲੇ ਹੀ ਪੰਜਾਬ ਤੋਂ ਗਏ ਸਿਖਾਂ ਦੀ ਨਿਗਰਾਨੀ ਰਖਦੇ ਹਨ ਪਰ ਰਾਤ ਰਹਿਣ ਦੀ ਆਗਿਆ ਘੱਟ ਵੱਧ ਹੀ ਦੇਂਦੇ ਹਨ।

# 90 ਹਵਾਲਾਤੀਆਂ ਨੇ ਪ੍ਰੀਖਿਆ ਦਿੱਤੀ

ਜਲੰਧਰ — ਲਗਭਗ 90 ਸ਼ੱਕੀ ਹਵਾਲਾਤੀਆਂ ਨੇ ਇਸ ਵਾਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੇ ਪੰਜਾਬ ਯੂਨੀਵਰਸਿਟੀ ਦੇ ਵੱਖ ਵੱਖ ਇਮਤਿਹਾਨ ਦਿੱਤੇ। ਜ਼ਿਲਾ ਜੇਲ੍ਹ ਸੂਤਰਾਂ ਅਨੁਸਾਰ ਇਹਨਾਂ ਪ੍ਰੀਖਿਆਰਥੀਆਂ ਨੇ ਗਿਆਨੀ, ਪ੍ਰਭਾਕਰ, ਬੀ ਏ ਭਾਗ ਪਹਿਲਾ-ਦੂਜਾ ਤੇ ਤੀਜਾ ਐਮ ਏ ਕਲਾਸਾਂ ਦੀ ਪ੍ਰੀਖੀਆ ਦਿਤੀ। ਇਹਨਾਂ ਚੋਂ ਕਈਆਂ ਨੂੰ ਅਪਰੇਸ਼ਨ ਬਲਿਊ ਸਟਾਰ ਦੌਰਾਨ ਫੜਿਆ ਗਿਆ ਸੀ।

# ਪਬਲਿਕ ਸੂਚਨਾ

ਨਸਲਵਾਦ ਵਿਰੋਧੀ ਸੰਘਰਸ਼ ਸੰਮਤੀ BCOFR ਲੋਕਾਂ ਤੱਕ ਇਹ ਸੂਚਨਾ ਬੜੀ ਖੁਸ਼ੀ ਨਾਲ ਪਹੁੰਚਾਉਂਦੀ ਹੈ ਕਿ ਸਾਡੀ ਪੁਨਰਗਠਿਤ **'ਇਨਵੈਸਟੀਗੇਸ਼ਨ ਅਤੇ ਸਪੋਰਟ ਕਮੇਟੀ'** ਖੂਬ ਜੋਸ਼ ਨਾਲ ਸਰਗਰਮ ਹੈ। ਹੁਣ ਲੋਕ ਨਸਲਵਾਦ ਸੰਬੰਧੀ ਆਪਣੀਆਂ ਜਾਇਜ਼ ਸ਼ਿਕਾਇਤਾਂ ਇਸਦੇ ਮੈਂਬਰਾਂ ਕੋਲ ਪਹੁੰਚਾ ਸਕਦੇ ਹਨ।

**'ਇਨਵੈਸਟੀਗੇਸ਼ਨ ਅਤੇ ਸਪੋਰਟ ਕਮੇਟੀ'** ਵਿਚ ਵੱਖ ਵੱਖ ਨਸਲਾਂ, ਧਰਮਾਂ ਅਤੇ ਸਭਿਆਚਾਰਾਂ ਦੇ ਲੋਕ ਸ਼ਾਮਲ ਹਨ। ਇਹ ਸਾਡੇ ਮੈਂਬਰ ਵਲੰਟੀਅਰ ਤੌਰ ਤੇ ਕੰਮ ਕਰਦੇ ਹਨ ਅਤੇ ਨਸਲਵਾਦ ਵਿਰੁੱਧ ਹਰ ਢੰਗ ਨਾਲ ਅਤੇ ਹਰ ਤਰਾਂ ਦੀ ਲੜਾਈ ਲੜਨ ਲਈ ਤਿਆਰ ਹਨ।

ਇਸ ਕਮੇਟੀ ਦਾ ਕੰਮ ਨਸਲਵਾਦ ਬਾਰੇ ਲੋਕਾਂ ਦੀਆਂ ਸ਼ਿਕਾਇਤਾਂ ਸੁਨਣਾ, ਉਨ੍ਹਾਂ ਬਾਰੇ ਮੁਕੰਮਲ ਪੜਤਾਲ ਕਰਨਾ ਅਤੇ ਜੇ ਸ਼ਿਕਾਇਤ ਜਾਇਜ਼ ਹੋਵੇ ਤਾਂ ਨਸਲਵਾਦ ਦਾ ਸ਼ਿਕਾਰ ਲੋਕਾਂ ਦੀ ਹਰ ਸੰਭਵ ਢੰਗ ਨਾਲ ਲੋੜੀਂਦੀ ਮੱਦਦ ਕਰਨਾ ਹੈ।

ਇਹ ਕਮੇਟੀ ਉਨ੍ਹਾਂ ਸਭ ਲੋਕਾਂ ਨੂੰ ਜਿਨਾਂ ਨਾਲ ਨਸਲ, ਧਰਮ ਜਾਂ ਜਾਤੀ ਦੇ ਆਧਾਰ ਤੇ ਕੰਮਾਂ ਉਪਰ ਜਾਂ ਕਿਸੇ ਹੋਰ ਰੂਪ ਵਿਚ ਵਿਤਕਰਾ ਹੋਇਆ ਹੋਵੇ, ਕਮੇਟੀ ਦੇ ਮੈਂਬਰਾਂ ਨਾਲ ਸੰਪਰਕ ਕਰਨ ਲਈ ਉਤਸਾਹਿਤ ਕਰਦੀ ਹੈ। ਸੰਪਰਕ ਕਰਨ ਲਈ ਹੇਠਾਂ ਦਿੱਤੇ ਮੈਂਬਰਾਂ ਨੂੰ ਫੋਨ ਕੀਤਾ ਜਾ ਸਕਦਾ ਹੈ।

**ਹਰੀ ਸ਼ਰਮਾ — 420-2972**
**ਚਰਨਪਾਲ ਗਿੱਲ — 576-2307**
**ਮੱਖਣ ਟੁੱਟ — 437-5666**

ਹਰੀ ਸ਼ਰਮਾ — ਚੇਅਰਮੈਨ
ਇਨਵੈਸਟੀਗੇਸ਼ਨ ਅਤੇ ਸਪੋਰਟ ਕਮੇਟੀ

# ਭਾਰਤ-ਪਾਕਿ ਸਬੰਧ ਸੁਧਰ ਸਕਦੇ ਹਨ — ਵਲੀ ਖਾਨ

ਪਾਕਿਸਤਾਨੀ ਵਿਰੋਧੀ ਧਿਰ ਦੇ ਨੇਤਾ ਖਾਨ ਅਬਦੁੱਲ ਵਲੀ ਖਾਨ ਨੇ ਭਾਰਤ ਤੇ ਪਾਕਿਸਤਾਨ ਵਿਚ ਸਬੰਧਾਂ 'ਚ ਨੇੜਤਾ ਲਿਆਉਣ ਸਬੰਧੀ ਆਪਣੇ ਵਿਚਾਰ ਜ਼ਾਹਿਰ ਕੀਤੇ ਹਨ। ਦੋਨਾਂ ਦੇਸ਼ਾਂ ਨੂੰ ਦੋਸਤੀ ਪੈਦਾ ਕਰਨ ਲਈ ਲੋਕਾਂ ਦੇ ਆਪਸੀ ਸਬੰਧਾਂ ਦੇ ਪੱਧਰ ਤੇ ਨੇੜਤਾ ਲਿਆਉਣ ਦੀ ਲੋੜ ਤੇ ਮਿ: ਖਾਨ ਨੇ ਜ਼ੋਰ ਦਿਤਾ ਹੈ।

ਵਲੀ ਖਾਨ ਨੇ ਦਿੱਲੀ ਵਿਚ ਨਹਿਰੂ ਯੂਨੀਵਰਸਿਟੀ ਵਿਚ ਉਪ ਮਹਾਂਦੀਪ ਵਿਚ ਦੂਰ ਰਸ ਸ਼ਾਂਤੀ ਰੱਖਣ ਦੇ ਸੈਮੀਨਾਰ ਨੂੰ ਸੰਬੋਧਨ ਕਰਨ ਵੇਲੇ ਇਹ ਸ਼ਬਦ ਆਖੇ। 29 ਜੂਨ ਨੂੰ ਇਸ ਮੌਕੇ ਤੇ ਵਲੀ ਖਾਨ ਨੇ ਅਮਰੀਕਾ ਉਪਰ ਵੀ ਨੁਕਤਾਚੀਨੀ ਕੀਤੀ। ਮੁਕੰਮਲ ਤੌਰ ਤੇ ਏਸ਼ੀਆ ਵਿਚ ਹਥਿਆਰਾਂ ਦੀ ਦੌੜ ਤੇਜ਼ ਕਰਨ ਵਾਸਤੇ ਜ਼ੁੰਮੇਂਵਾਰੀ ਤੋਂ ਅਮਰੀਕਾ ਮੁਕਤ ਨਹੀਂ ਹੋ ਸਕਦਾ।

# ਫੌਜੀ ਦਾ ਨੱਕ ਵੱਢ ਖਾਧਾ

ਬਰਮਿੰਘਮ — ਬੀਤੇ ਦਿਨੀਂ ਜਦ 26 ਸਾਲਾ ਫੌਜੀ ਸਟੀਫਨ ਹੈਜ਼ਲੈਮ ਛੁੱਟੀ ਕੱਟਣ ਆਇਆ ਇਥੇ ਦੇ ਇਲਾਕੇ ਯਾਰਡਲੇ ਦੇ ਸਵੈਨ ਪੱਬ ਵਿਚ ਆਪਣੀ ਗਰਲ ਫਰੈਂਡ ਨਾਲ ਬੀਅਰ ਬੱਤਾ ਪੀ ਰਿਹਾ ਸੀ ਤਾਂ ਇਕ ਛੈਲ ਛਬੀਲਾ ਆ ਕੇ ਗਰਲ ਫਰੈਂਡ ਨਾਲ ਦੋਸਤੀ ਵਧਾਉਣ ਲੱਗਾ। ਜਦ ਫੌਜੀ ਨੇ ਕਿਹਾ ਕਿ ਇਹ ਮੇਰੀ ਗਰਲ ਫਰੈਂਡ ਹੈ ਤਾਂ ਫੌਜੀ ਦੇ ਆਸ਼ਕ ਨੂੰ ਢਾਹ ਲਿਆ ਤਾਂ ਫੌਜੀ ਨੂੰ ਆਸ਼ਕ ਨੇ ਢਾਹ ਲਿਆ ਤੇ ਉਹਦਾ ਨੱਕ ਵੱਢ ਖਾਧਾ। ਹੁਣ ਹਸਪਤਾਲ ਵਿਚ ਨੱਕ ਦੀ ਪਲਾਸਟਿਕ ਸਰਜਰੀ ਹੋਵੇਗੀ।


London from $625.00 Toronto from $318.00
Montreal from $329.00 San Jose from $179.00
Los Angles from $269.00 San Fransisco from $209.00



ਭਾਰਤ, ਪਾਕਿਸਤਾਨ, ਫੀਜੀ, ਲੰਡਨ, ਸ਼੍ਰੀ ਲੰਕਾ, ਫਿਜ਼ਨੀਲੈਂਡ, ਹਵਾਈ ਜਾਂ ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ
ਘੱਟ ਤੋਂ ਘੱਟ ਕਿਰਾਏ
ਜੇਕਰ ਤੁਸੀਂ ਲੰਡਨ ਰਾਹੀਂ ਜਾ ਰਹੇ ਹੋ ਤਾਂ ਤੁਸੀਂ 2 ਸੂਟਕੇਸ ਆਪਣੇ ਨਾਲ ਲਿਜਾ ਸਕਦੇ ਹੋ
CALL TOLL FREE 1-800-663-6699 (B.C. & ALBERTA)

BAINS TRAVEL SERVICE

6364 Fraser Street,
Vancouver, B.C.
Ph. 324-2277

935 Marine Drive
Capilano Mall,
N. Vancouver

1710 Douglas St.
Victoria, B.C.
Ph. 386-6363



ਪੰਜਾਬੀ ਮਾਰਕਿਟ ਵਿਚ
ਮਾਨ ਸ਼ੂਅ ਸਟੋਰ
ਆਦਮੀਆਂ, ਔਰਤਾਂ, ਅਤੇ ਬੱਚਿਆਂ ਦੇ ਜੋੜੇ,
ਚਮੜੇ ਦੇ ਅਟੈਚੀ, ਪਰਸ ਅਤੇ ਹੋਰ ਸਾਮਾਨ
MENS, LADIES & CHILDRENS' SHOES AND LEATHER LUGGAGE & ACCESSORIES
Mohinder Singh Mann
ਮੁਹਿੰਦਰ ਸਿੰਘ ਮਾਨ
321-4353
MANN SHOE STORE
6570 MAIN ST., VANCOUVER, B.C.

# ਗੁਰਦੁਆਰਾ ਸ਼ਹੀਦ ਗੰਜ, ਲਾਹੌਰ (ਪਾਕਿਸਤਾਨ) ਨੂੰ ਮਸਜਿਦ ਵਿਚ ਤਬਦੀਲ ਕਰਨ ਦੀ ਸਾਜ਼ਿਸ਼

**—ਗਿਆਨੀ ਮਹਿੰਦਰ ਸਿੰਘ—** ਸਾਬਕਾ ਸਕੱਤਰ, ਗੁ: ਪ੍ਰੰ: ਕਮੇਟੀ, ਲਾਹੌਰ ਅਤੇ ਸਕੱਤਰ, ਸ਼੍ਰੋਮਣੀ ਗੁ: ਪ: ਕਮੇਟੀ(ਰੀਟਾ:)

ਗੁਰਦੁਆਰਾ ਸ਼ਹੀਦ ਗੰਜ, ਲਾਹੌਰ (ਪਾਕਿਸਤਾਨ), ਜੋ ਗੁ: ਸ਼ਹੀਦ ਗੰਜ ਸਿੰਘਣੀਆਂ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਲਾਹੌਰ ਦੇ ਲੰਡਾ ਬਾਜ਼ਾਰ ਵਿਚ ਵਾਕਿਆ ਹੈ ਅਤੇ ਸਿਖ ਗੁ: ਐਕਟ 1925 ਅਨੁਸਾਰ ਇਹ ਇਤਿਹਾਸਕ ਤੇ ਨੋਟੀਫਾਈਡ ਸਿਖ ਗੁਰਦੁਆਰਾ ਹੈ। ਇਤਿਹਾਸ ਮੁਤਾਬਕ ਮੁਗਲ ਸੂਬੇਦਾਰ ਜ਼ਕਰੀਆ ਖਾਨ ਅਤੇ ਮੀਰ ਮੰਨੂੰ ਦੇ ਸਮੇਂ ਇਹ ਅਸਥਾਨ ਇਕ ਜੇਲ੍ਹ ਸੀ ਜਿਥੇ ਸਿੰਘਾਂ, ਸਿਖ ਬੀਬੀਆਂ (ਸਿੰਘਣੀਆਂ) ਅਤੇ ਬੱਚਿਆਂ ਨੂੰ ਕੈਦ ਕਰ ਕੇ ਸਵਾ-ਸਵਾ ਮਣ ਦੇ ਪੀਸਣੇ ਪੀਸਣ, ਖੰਨੀ-ਖੰਨੀ ਰੋਟੀ ਤੇ ਗੁਜ਼ਾਰਾ ਕਰਕੇ ਭੁਖਿਆਂ ਰਖਣ ਅਤੇ ਸਿਖ ਧਰਮ ਤਿਆਗ ਕੇ ਮੁਸਲਮਾਨ ਧਰਮ ਕਬੂਲ ਕਰਨ ਲਈ ਅਸਹਿ ਤੇ ਅਕਹਿ ਕਸ਼ਟ ਦਿਤੇ ਜਾਂਦੇ ਸਨ। ਉਨ੍ਹਾਂ ਸਿਦਕੀ ਪਰਵਾਨਿਆਂ ਦੇ ਧਰਮ ਬਦਲਣ ਲਈ ਰਜ਼ਾਮੰਦ ਨਾ ਹੋਣ ਤੇ ਉਨ੍ਹਾਂ ਦੇ ਸਾਹਮਣੇ ਬਜ਼ੁਰਗਾਂ, ਪਤੀਆਂ, ਭਰਾਵਾਂ, ਪੁਤਰਾਂ ਅਤੇ ਮਾਸੂਮ ਬੱਚਿਆਂ ਨੂੰ ਕਤਲ ਕਰਨ ਉਪਰੰਤ ਬੱਚਿਆਂ ਦੀਆਂ ਲਾਸ਼ਾਂ ਦੇ ਟੁਕੜੇ ਕਰਕੇ ਬੀਬੀਆਂ ਦੇ ਗਲਾਂ ਵਿਚ ਹਾਰ ਬਣਾ ਕੇ ਪਾਏ ਜਾਂਦੇ ਸਨ। ਫੇਰ ਵੀ ਬੀਬੀਆਂ ਵਲੋਂ ਆਪਣੇ ਧਰਮ ਵਿਚ ਦ੍ਰਿੜ੍ਹ ਰਹਿਣ ਤੇ ਉਨ੍ਹਾਂ ਨੂੰ ਭੀ ਕਤਲ ਕਰ ਕੇ ਲਾਸ਼ਾਂ ਨੂੰ ਉਸੇ ਜੇਲ੍ਹ ਦੇ ਭੋਰਿਆਂ ਅਤੇ ਉਸ ਵਿਚਲੇ ਵੱਡੇ ਖੂਹ ਵਿਚ ਦੱਬ ਜਾਂ ਸੁੱਟ ਦਿੱਤਾ ਜਾਂਦਾ ਸੀ। ਇਸ ਖੂਨੀ ਸਾਕੇ ਦਾ ਜ਼ਿਕਰ ਪੁਰਾਤਨ ਇਤਿਹਾਸ ਵਿਚ ਵੀ ਹੈ ਅਤੇ ਸਿਖ ਹਰ ਰੋਜ਼ ਅਰਦਾਸ ਵਿਚ ਭੀ ਕਰਦੇ ਹਨ। ਇਸੇ ਥਾਂ ਤੋਂ ਕਾਜ਼ੀ ਨੇ ਫਤਵਾ ਦੇ ਕੇ ਭਾਈ ਤਾਰੂ ਸਿੰਘ ਜੀ ਦੇ ਕੇਸ ਕਤਲ ਕਰਨ ਤੇ ਖੋਪੜੀ ਉਤਾਰਨ ਅਤੇ ਭਾਈ ਮਨੀ ਸਿੰਘ ਜੀ ਨੂੰ ਸ਼ਹੀਦ ਕਰਨ ਦੇ ਹੁਕਮ ਦਿੱਤੇ ਸਨ। ਭੰਗੀ ਮਿਸਲ ਦੇ ਸਰਦਾਰਾਂ ਵਲੋਂ ਲਾਹੌਰ ਤੇ ਅਧਿਕਾਰ ਜਮਾਉਣ ਪਿਛੋਂ ਇਸ ਜੇਲ੍ਹ ਨੂੰ ਗੁਰਦੁਆਰੇ ਵਿਚ ਤਬਦੀਲ ਕੀਤਾ ਗਿਆ ਸੀ ਅਤੇ ਯਾਦਗਾਰ ਵਜੋਂ ਪੁਰਾਣੇ ਭੋਰੇ ਤੇ ਪੁਰਾਣਾ ਖੂਹ ਜਿਉਂ ਦੇ ਤਿਉਂ ਕਾਇਮ ਰਖੇ ਗਏ। ਪਿਛੋਂ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦੇ ਸਮੇਂ ਭੀ ਇਸ ਅਸਥਾਨ ਦੀ ਮਹੱਤਤਾ ਕਾਇਮ ਰਹੀ। ਸਾਲ 1932 ਈ: ਵਿਚ ਇਸ ਅਸਥਾਨ ਦੀ ਸਫਾਈ ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਲਾਹੌਰ ਦੇ ਪ੍ਰਧਾਨ ਜਥੇਦਾਰ ਤਾਰਾ ਸਿੰਘ ਜੀ ਠੇਠਰ (ਠੇਠਰ ਉਨ੍ਹਾਂ ਦੇ ਪਿੰਡ ਦਾ ਨਾਂ ਸੀ ਜੋ ਜ਼ਿਲਾ ਲਾਹੌਰ ਵਿਚ ਹੈ) ਨੇ ਆਰੰਭ ਕਰਵਾਈ ਅਤੇ ਉਸ ਖੂਹ ਤੇ ਭੋਰਿਆਂ ਦੀ ਸਫਾਈ ਤੇ ਪੁਟਾਈ ਸਮੇਂ ਸਿੰਘਾਂ, ਸਿੰਘਣੀਆਂ ਤੇ ਬੱਚਿਆਂ ਦੇ ਬੇਅੰਤ ਪਿੰਜਰ ਤੇ ਹੱਡੀਆਂ ਦੇ ਦੱਬੇ ਹੋਏ ਅੰਬਾਰ ਨਿਕਲੇ, ਜਿਨ੍ਹਾਂ ਨੂੰ ਸਾਫ ਕਰਕੇ ਸ਼ੋਅ-ਕੇਸਾਂ ਤੇ ਸ਼ੀਸ਼ਿਆਂ ਦੀਆਂ ਵੱਡੀਆਂ ਵੱਡੀਆਂ ਅਲਮਾਰੀਆਂ ਵਿਚ ਸਿਖ ਸੰਗਤਾਂ ਦੇ ਦਰਸ਼ਨਾਂ ਲਈ ਰਖਿਆ ਗਿਆ ਸੀ ਅਤੇ ਪਾਕਿਸਤਾਨ ਬਣਨ ਤੀਕ ਉਹ ਸ਼ੋਅ-ਕੇਸ ਉਥੇ ਸੁਰੱਖਿਅਤ ਰਹੇ, ਜਿਨ੍ਹਾਂ ਨੂੰ ਯਾਤਰੀ ਤੇ ਸੈਲਾਨੀ ਦੇਖ ਕੇ ਅਤੇ ਗਾਈਡ ਤੋਂ ਹਾਲਾਤ ਸੁਣ ਕੇ ਹੰਝੂ ਵਹਾਉਂਦੇ ਹਨ। ਇਸ ਇਤਿਹਾਸਕ ਘਟਨਾ ਦੀ ਪੁਸ਼ਟੀ 9 ਸਤੰਬਰ 1986 ਨੂੰ ਮੁਹੰਮਦ ਸਦੀਕ ਚੁਗਤਾਈ ਨੇ 'ਸ਼ੱਰਈਏ-ਅਦਾਲਤ' ਵਿਚ ਦਾਅਵਾ ਪੇਸ਼ ਕਰਦਿਆਂ ਆਪਣੀ ਦਰਖਾਸਤ ਵਿਚ ਲਿਖਿਆ ਹੈ ਕਿ—

"ਇਥੇ ਕਾਫਰਾਂ (ਸਿਖਾਂ) ਨੂੰ ਇਸਲਾਮ ਵਿਚ ਸ਼ਾਮਲ ਕਰਨ ਲਈ ਕਾਰਵਾਈ ਹੁੰਦੀ ਰਹੀ ਹੈ, ਇਸ ਲਈ ਇਸ ਥਾਂ ਪੁਰ ਮੁਸਲਮਾਨਾਂ ਨੂੰ ਇਸਲਾਮੀ ਕਾਰਵਾਈ ਕਰਨ ਦਾ ਹੱਕ ਦਿੱਤਾ ਜਾਵੇ। ......."

ਪ੍ਰਾਪਤ ਖਬਰਾਂ ਅਨੁਸਾਰ ਇਸ ਦਰਖਾਸਤ ਪੁਰ ਪਹਿਲਾਂ ਸੂਬਾਈ ਸ਼ੱਰਈ ਕਮੇਟੀ ਨੇ ਵਿਚਾਰ ਕੀਤੀ ਅਤੇ ਸੁਣਵਾਈ ਲਈ 'ਸ਼ੱਰਈ ਅਦਾਲਤ' ਵਿਚ ਕੇਸ ਪੇਸ਼ ਕਰਨ ਦੀ ਪਰਵਾਨਗੀ ਦੇ ਕੇ ਅਦਾਲਤ ਦੇ ਪੂਰੇ ਬੈਂਚ ਦਾ ਗਠਨ ਕੀਤਾ ਹੈ, ਜਿਸ ਵਿਚ ਚਾਰ ਮੌਲਵੀਆਂ ਦੇ ਨਾਲ ਹਾਈਕੋਰਟ ਦੇ ਚੀਫ ਜਸਟਿਸ ਨੂੰ ਸ਼ਾਮਲ ਕੀਤਾ ਗਿਆ ਹੈ ਜਿਸ ਅਗੇ ਅੱਜ ਕਲ ਬਹਿਸ ਚਲ ਰਹੀ ਹੈ।

ਇਸ ਤੋਂ ਪਹਿਲਾਂ ਸਾਲ 1978 ਵਿਚ ਵੀ ਲਾਹੌਰ ਦੇ ਕੁਝ ਮੁਸਲਮਾਨਾਂ ਨੇ ਸਾਲ 1936 ਵਿਚ ਪ੍ਰੀਵੀ ਕੌਂਸਲ ਦੇ ਹੋਏ ਫੈਸਲੇ ਨੂੰ ਗਲਤ ਆਖਦਿਆਂ ਮਿਸਟਰ ਖਾਲਿਦ ਮੁਹੰਮਦ ਦੀ ਅਦਾਲਤ ਵਿਚ ਹੋਏ ਫੈਸਲੇ ਤੇ ਨਜ਼ਰਸਾਨੀ ਕਰਨ ਅਤੇ ਇਤਿਹਾਸਕ ਗੁਰਦੁਆਰੇ ਨੂੰ ਮੁਸਲਮਾਨਾਂ ਦੇ ਸਪੁਰਦ ਕਰਨ ਲਈ ਦਰਖਾਸਤ ਦਿਤੀ ਸੀ। ਉਨ੍ਹਾਂ ਦਿਨਾਂ ਵਿਚ ਲੇਖਕ ਸ਼੍ਰੋਮਣੀ ਗੁ: ਪ੍ਰਬੰਧਕ ਕਮੇਟੀ ਦਾ ਸਕੱਤਰ ਸੀ ਅਤੇ ਪੰਜਾਬ ਦੇ ਮੁਖ ਮੰਤਰੀ ਸ: ਪ੍ਰਕਾਸ਼ ਸਿੰਘ ਬਾਦਲ ਅਤੇ ਭਾਰਤ ਸਰਕਾਰ ਨੂੰ ਪੱਤਰਕਾਵਾਂ ਤੇ ਤਾਰਾਂ ਆਦਿ ਰਾਹੀਂ ਇਸ ਮੁਕੱਦਮੇ ਦੀ ਪੈਰਵੀ ਸ਼੍ਰੋਮਣੀ ਕਮੇਟੀ ਵਲੋਂ ਕਰਨ ਲਈ ਸ਼੍ਰੋਮਣੀ ਕਮੇਟੀ ਦੇ ਵਕੀਲਾਂ ਨੂੰ ਲਾਹੌਰ ਭੇਜਣ, ਲਾਹੌਰ ਦੀ ਅਦਾਲਤ ਨੂੰ ਲਾਹੌਰ ਹਾਈਕੋਰਟ ਅਤੇ ਲੰਦਨ ਦੀ ਪ੍ਰੀਵੀ-ਕੌਂਸਲ ਦੇ ਹੋਏ ਫੈਸਲੇ ਦਿਖਾਉਣ ਅਤੇ ਕਮੇਟੀ ਦਾ ਪੱਖ ਪੇਸ਼ ਕਰਨ ਹਿੱਤ ਪੁਰਜ਼ੋਰ ਪ੍ਰੇਰਨਾ ਕੀਤੀ ਗਈ ਸੀ। ਇਸ ਸਬੰਧ ਵਿਚ 3 ਜਨਵਰੀ, 1979 ਨੂੰ ਸ੍ਰੀ ਅੱਟਲ ਬਿਹਾਰੀ ਬਾਜਪਾਈ, ਜੋ ਉਨ੍ਹੀਂ ਦਿਨੀਂ ਭਾਰਤ ਸਰਕਾਰ ਦੇ ਵਿਦੇਸ਼ ਮੰਤਰੀ ਸਨ। ਹੋਰ ਭੀ ਕਈ ਅਧਿਕਾਰੀਆਂ ਨੂੰ ਭੀ ਇਸ ਮੰਤਵ ਲਈ ਤਾਰਾਂ ਦਿੱਤੀਆਂ ਗਈਆਂ ਜਿਸ ਕਾਰਨ ਇਹ ਸਾਜ਼ਸ਼ ਕਾਮਯਾਬ ਨਾ ਹੋ ਸਕੀ। ਇਹ ਚੁਗਤਾਈ ਦੀ ਦੂਜੀ ਵੇਰ ਬੜੀ ਸੰਗੀਨ ਸਾਜ਼ਸ਼ ਹੈ ਅਤੇ ਸ਼ੱਰਈ ਹਥਿਆਰ ਵਰਤ ਕੇ ਗੁ: ਸ਼ਹੀਦ ਗੰਜ ਸਿੰਘਣੀਆਂ ਨੂੰ ਮਸਜਿਦ ਵਿਚ ਤਬਦੀਲ ਕਰਨ ਲਈ ਆਪਣਾ ਤਾਣ ਲਾ ਰਹੇ ਹਨ।

ਮੈਂ ਸਿੱਖ ਸੰਗਤਾਂ, ਸ਼੍ਰੋਮਣੀ ਕਮੇਟੀ, ਸ਼੍ਰੋਮਣੀ ਅਕਾਲੀ ਦਲ, ਪੰਜਾਬ ਤੇ ਭਾਰਤ ਦੀਆਂ ਸਰਕਾਰਾਂ ਦੀ ਗਿਆਤ ਹਿਤ ਇਹ ਵੀ ਲਿਆ ਦੇਣਾ ਚਾਹੁੰਦਾ ਹਾਂ ਕਿ ਦੇਸ਼ ਦੀ ਵੰਡ ਤੋਂ ਪਹਿਲਾਂ ਸਾਲ 1931-32 ਵਿਚ ਮੁਸਲਮਾਨ ਵੀਰਾਂ ਨੇ ਇਸ ਅਸਥਾਨ ਨੂੰ ਮਸਜਿਦ ਵਿਚ ਤਬਦੀਲ ਕਰਨ ਲਈ ਜ਼ਬਰਦਸਤੀ ਕਬਜ਼ਾ ਪ੍ਰਾਪਤ ਕਰਨ ਦੇ ਕਈ ਯਤਨ ਕੀਤੇ ਸਨ। ਵੱਡੇ ਵੱਡੇ ਹਜੂਮ ਬਣਾ ਕੇ ਉਨ੍ਹਾਂ ਵਲੋਂ ਗੁਰਦੁਆਰਾ ਸ਼ਹੀਦਗੰਜ ਉਤੇ ਹੱਲੇ ਭੀ ਹੋਏ ਤੇ ਬਹੁਤ ਵੱਡੀ ਐਜੀਟੇਸ਼ਨ ਭੀ ਕੀਤੀ ਗਈ। ਉਨ੍ਹਾਂ ਦਿਨਾਂ ਵਿਚ ਲਾਹੌਰ ਦੇ ਡਿਪਟੀ ਕਮਿਸ਼ਨਰ ਮਿਸਟਰ ਐਸ. ਪੀ. ਸਿੰਘਾ, ਜੋ ਇਸਾਈ ਸਨ, ਅਤੇ ਸਿਟੀ ਮੈਜਿਸਟਰੇਟ ਸ: ਨਰਿੰਦਰ ਸਿੰਘ ਹੁੰਦੇ ਸਨ। ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ, ਲਾਹੌਰ ਦੇ ਪ੍ਰਧਾਨ ਸ: ਤਾਰਾ ਸਿੰਘ ਠੇਠਰਵਾਲੇ ਸਨ। ਸਰਕਾਰ ਨੇ ਲਾਅ-ਐਂਡ-ਆਰਡਰ ਦੀ ਪੂਰੀ ਤਰ੍ਹਾਂ ਰਾਖੀ ਕੀਤੀ ਅਤੇ ਸਿਖ ਸੰਗਤਾਂ, ਗੁਰਦੁਆਰਾ ਕਮੇਟੀ ਲਾਹੌਰ ਦੇ ਅਹੁਦੇਦਾਰਾਂ ਤੇ ਸੇਵਕਾਂ, ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਕਮੇਟੀ, ਇਲਾਕਾਵਾਸੀਆਂ ਤੇ ਸਮੁਚੇ ਖਾਲਸਾ ਪੰਥ ਦੇ ਯਤਨਾਂ ਸਦਕਾ ਕਮੇਟੀ ਨੂੰ ਫਤਹਿ ਪ੍ਰਾਪਤ ਹੋਈ ਅਤੇ ਐਜੀਟੇਸ਼ਨ ਦੱਬ ਗਈ। ਆਖਰ ਇਸ ਇਤਿਹਾਸਕ ਗੁਰਦੁਆਰੇ ਨੂੰ ਮਸਜਿਦ ਸਾਬਤ ਕਰਨ ਲਈ ਮੁਸਲਮਾਨ ਵੀਰਾਂ ਵਲੋਂ ਲਾਹੌਰ ਦੀ ਅਦਾਲਤ ਵਿਚ ਕਾਨੂੰਨੀ ਕਾਰਵਾਈ ਭੀ ਕੀਤੀ ਗਈ। ਬੜੀ ਲੰਬੀ ਕਾਨੂੰਨੀ ਕਾਰਵਾਈ ਤੋਂ ਬਾਅਦ ਲਾਹੌਰ ਦੀ ਪੰਜਾਬ ਹਾਈਕੋਰਟ ਦੇ ਫੁਲ ਬੈਂਚ ਜਿਸ ਵਿਚ ਇਕ ਜਸਟਿਸ ਦੀਨ ਮੁਹੰਮਦ ਵੀ ਸਨ, ਨੇ ਮੁਸਲਮਾਨਾਂ ਦਾ ਦਾਅਵਾ ਖਾਰਜ ਕਰ ਦਿੱਤਾ। ਗੁਰਦੁਆਰਾ ਪ੍ਰਬੰਧਕ ਕਮੇਟੀ ਲਾਹੌਰ ਤੇ ਸ਼੍ਰੋਮਣੀ ਕਮੇਟੀ ਵਲੋਂ ਇਸ ਮੁਕੱਦਮੇ ਦੀ ਪੈਰਵੀ ਰਾਏ ਬਹਾਦਰ ਬਦਰੀਦਾਸ ਜੀ ਨੇ ਕੀਤੀ, ਜੋ ਉਸ ਵੇਲੇ ਪੰਜਾਬ ਵਿਚ ਸਿਵਿਲ ਦੇ ਉਚ-ਕੋਟੀ ਦੇ ਵਕੀਲ ਸਨ। ਸ਼੍ਰੋਮਣੀ ਕਮੇਟੀ ਵਲੋਂ ਅੰਤ੍ਰਿੰਗ ਕਮੇਟੀ ਦੇ ਮੈਂਬਰ, ਸ: ਸਰਮੁਖ ਸਿੰਘ 'ਚਮਕ' ਇਸ ਮੁਕੱਦਮੇ ਦੀ ਪੈਰਵੀ ਲਈ ਇਨਚਾਰਜ ਸਨ। ਮੁਸਲਮਾਨਾਂ ਵਲੋਂ ਅਲਾਹਾਬਾਦ ਹਾਈਕੋਰਟ ਦੇ ਰੀਟਾਇਰਡ ਚੀਫ ਜਸਟਿਸ, ਜੋ ਇਕ ਮੁਸਲਮਾਨ ਸਨ ਅਤੇ ਜਿਨ੍ਹਾਂ ਦਾ ਨਾਮ ਇਸ ਵੇਲੇ ਮੈਨੂੰ ਯਾਦ ਨਹੀਂ ਆ ਰਿਹਾ, ਨੇ ਬਹਿਸ ਕੀਤੀ; ਪ੍ਰੰਤੂ ਉਹ ਰਾਏ ਬਹਾਦਰ ਜੀ ਦੀਆਂ ਦਲੀਲਾਂ ਤੇ ਕਾਨੂੰਨੀ ਹਵਾਲਿਆਂ ਦੀ ਤਾਬ ਨਾ ਲਿਆ ਸਕੇ ਅਤੇ ਕਾਫੀ ਦਿਨਾਂ ਦੀ ਮੁਤਵਾਤਰ ਤੇ ਲੰਬੀ ਬਹਿਸ ਦੇ ਬਾਅਦ ਲਾਹੌਰ ਹਾਈਕੋਰਟ ਨੇ ਇਸ ਕੇਸ ਦਾ ਫੈਸਲਾ ਸਿਖਾਂ ਦੇ ਹੱਕ ਵਿਚ ਦਿੱਤਾ।

ਮੁਹੰਮਦ ਸਦੀਕ ਚੁਗਤਾਈ ਵਲੋਂ 'ਸ਼ੱਰਈ ਅਦਾਲਤ' ਵਿਚ ਦਾਅਵਾ ਕਰਨ ਦੇ ਸਬੰਧ ਵਿਚ ਜੋ ਖਬਰਾਂ ਅਤੇ ਮਾਨਯੋਗ ਸੱਜਣਾਂ ਵਲੋਂ ਵੇਰਵੇ ਛਪ ਰਹੇ ਹਨ, ਉਨ੍ਹਾਂ ਵਿਚ ਗੁ: ਸ਼ਹੀਦ ਗੰਜ ਦਾ ਫੈਸਲਾ ਹਾਈਕੋਰਟ, ਲਾਹੌਰ ਵਲੋਂ ਕੀਤਿਆਂ ਦਾ ਹੀ ਜ਼ਿਕਰ ਆ ਰਿਹਾ ਹੈ; ਪ੍ਰੰਤੂ ਇਥੇ ਇਹ ਬਿਨੈ ਕਰ ਦੇਣੀ ਜ਼ਰੂਰੀ ਸਮਝਦਾ ਹਾਂ ਕਿ ਪੰਜਾਬ ਹਾਈਕੋਰਟ ਦੇ ਹਵਾਲੇ ਵਾਲੇ ਉਕਤ ਫੈਸਲੇ ਦੇ ਵਿਰੁਧ ਮੁਸਲਮਾਨਾਂ ਵਲੋਂ ਲੰਦਨ ਦੀ ਪ੍ਰੀਵੀ ਕੌਂਸਲ, ਜੋ ਬ੍ਰਿਟਿਸ਼ ਰਾਜ ਸਮੇਂ ਹਿੰਦੁਸਤਾਨ ਲਈ ਭੀ ਸਭ ਤੋਂ ਵੱਡੀ ਤੇ ਅੰਤਮ ਕਾਨੂੰਨੀ ਅਥਾਰਿਟੀ/ਅਦਾਲਤ ਹੋਇਆ ਕਰਦੀ ਸੀ, ਵਿਖੇ ਅਪੀਲ ਕੀਤੀ ਗਈ ਸੀ। ਗੁ: ਕਮੇਟੀ ਲਾਹੌਰ, ਤੇ ਸ਼੍ਰੋਮਣੀ ਕਮੇਟੀ ਵਲੋਂ ਸਾਲੀਸਿਟਰ ਰਾਹੀਂ ਪ੍ਰੀਵੀ ਕੌਂਸਲ ਨੇ ਵੀ ਸੰਨ 1936 ਵਿਚ ਇਸ ਅਪੀਲ

ਬਾਕੀ ਪੰਨਾ 12 'ਤੇ

**A.M.C. Carpet Ltd.**

Unit 8 - 12950 - 80th Ave. Surrey, B.C.

Carpet-Vinyl-Hardwood

All Popular Brands Supplied & Installed

ਕਿਸੇ ਵੀ ਪ੍ਰਕਾਰ ਦਾ ਕਾਰਪੈਟ ਜਾਂ Lino ਨਵੇਂ ਜਾਂ ਪੁਰਾਣੇ ਘਰ ਵਿਚ ਪਵਾਉਣਾ ਹੋਵੇ, ਸਾਡੀਆਂ ਕੀਮਤਾਂ ਦੂਸਰੇ ਸਟੋਰਾਂ ਨਾਲੋਂ ਘੱਟ ਹਨ, ਪੂਰੇ ਕੰਮ ਦੀ ਗਰੰਟੀ ਹੈ

Free Estimate —

ਨਵੇਂ ਜਾਂ ਪੁਰਾਣੇ ਘਰ ਲਈ ਸਾਨੂੰ ਫੋਨ ਕਰੋ :

Phone for appointment

Off. 594-6141

Res. 594-7595

Pager 680-0214



AMARJIT SINGH CHAHAL

■ BUYING ■ SELLING

Free Evaluation For Your Property Call Any Time Without Any Obligation

Bus. 736-3831 or Res. 434-8548 Pager - 687-1985 #2229

United Realty Ltd.

3879 Oak Street, Vancouver, B.C. V6H 2M6



Malkit Dhami,
M.A. (Eco.)

Member of Prestigious M.L.S. Medallion Club For 83-84 85-86

# ਕੈਲੇਫੋਰਨੀਆ ਗਾਈਡ

ਫਰੇਜ਼ਨੋ ਵਿਚ 'ਕੈਨੇਡਾ ਦਰਪਣ' ਲਓ ਤੇ ਨਾਲ ਕੱਪੜੇ, ਗਰੌਸਰੀ, ਵੀਡੀਓ ਮੂਵੀਆਂ ਵੀ ਖ਼ੀਦੋ

**Ph. (209) 456-9491**

INDICA IMPORTS — 4925 E. King Canyon Road, FRESNO, CA.

ਯੂਬਾ ਸਿਟੀ ਵਿਚ 'ਕੈਨੇਡਾ ਦਰਪਣ' ਇਥੋਂ ਮਿਲਦਾ ਹੈ :

**LONDON FASHIONS**

1494 E. Bridge St., YUBA CITY CA. Ph. (916) 673-6634

## PETE ELLIS DODGE

ਕਾਰਾਂ, ਵੈਨਾਂ, ਪਿਕ ਅੱਪ ਖ਼ੀਦਣ ਲਈ

ਫ਼ੋਨ ਕਰੋ :—

**ਜੱਸੀ ਗਰੇਵਾਲ**

(408) 738-0400

Credit or no Credit

CALL:

**Jessie Grewal**

2 to 5% over Dealer Cost

**Pete Ellis Dodge**



**1095, West El Camino Real**

**SUNNYVALE, CALIFORNIA 94087**

## ਗੀਤ/ ਜਸਪਾਲ ਸੂਸ, ਯੂਬਾ ਸਿਟੀ, ਕੈਲੇਫੋਰਨੀਆ

ਬੋਲ ਉਸਦੇ ਮਿਠੇ ਮਿਠੇ
ਦਿਲ ਨੂੰ ਟੂਣਾਂ ਕਰ ਨੀ ਗਏ
ਨੀ ਜਿੰਦੇ !
ਅਸੀਂ ਡੁੱਬਦੇ ਡੁੱਬਦੇ ਤਰ ਨੀ ਗਏ ।

ਟੂਣੇਂਹਾਰੀਆਂ ਅੱਖੀਆਂ ਤੱਕ ਕੇ
ਦਿਲ ਨਾ ਡੱਕਿਆ ਜਾਵੇ
ਸੁੱਤੇ ਚਾਅ ਅੱਜ ਮੁੜ ਕੇ ਉਠੇ
ਮਨ ਥੋੜਾ ਸ਼ਰਮਾਵੇ
ਸੋਹਣੀਆਂ ਜ਼ੁਲਫਾਂ ਤੇ ਚੰਨ ਮੁੱਖੜਾ
ਪ੍ਰੀਤ ਇਸ਼ਾਰਾ ਕਰ ਨੀ ਗਏ
ਨੀ ਜਿੰਦੇ !
ਅਸੀਂ ਡੁੱਬਦੇ ਡੁੱਬਦੇ ਤਰ ਨੀ ਗਏ ।

ਦਿਲ ਕਰਦਾ ਸੀ ਗੀਤ ਲਿਖਣ ਨੂੰ
ਹੱਥ ਮੈਂ ਕਲਮ ਨੂੰ ਪਾਇਆ
ਉਸ ਦੇ ਹੁਸਨ ਦਾ ਬੁਲਾਂ ਉਤੇ
ਗੀਤ ਫਟਾ ਫਟ ਆਇਆ
ਮੁਦਤਾਂ ਤੋਂ ਸੀ ਪਿਆਸ ਹੁਸਨ ਦੀ
ਬੂੰਦ ਹੁਸਨ ਦੀ ਵਰ ਨੀ ਗਏ ।
ਨੀ ਜਿੰਦੇ !
ਅਸੀਂ ਡੁੱਬਦੇ ਡੁੱਬਦੇ ਤਰ ਨੀ ਗਏ ।

ਦੂਰ ਹੋ ਗਿਆ ਗਮ ਦਾ ਹਨੇਰਾ
ਹੋਇਆ ਚਾਨਣ ਵਿਹੜੇ
ਹੋਇਆ ਹਾਣ ਪ੍ਰਾਪਤ ਹਾਣੀਂ
ਮਾਨਣ ਖੁਸ਼ੀਆਂ ਖੇੜੇ

ਨਸ ਗਏ ਕਿਧਰੇ ਸੇਕ ਹਿਜਰ ਦੇ,
ਸੀਨੇ ਸਾਡੇ ਠਰ ਨੀ ਗਏ ।
ਨੀ ਜਿੰਦੇ !
ਅਸੀਂ ਡੁੱਬਦੇ ਡੁੱਬਦੇ ਤਰ ਨੀ ਗਏ

ਬੋਲ ਉਸ ਦੇ ਮਿਠੇ ਮਿਠੇ
ਦਿਲ ਨੂੰ ਟੂਣਾਂ ਕਰ ਨੀ ਗਏ
ਨੀ ਜਿੰਦੇ !
ਅਸੀਂ ਡੁੱਬਦੇ ਡੁੱਬਦੇ ਤਰ ਨੀ ਗਏ ।

ਯੂਬਾ ਸਿਟੀ ਵਿਚ ਸਭ ਥਾਵਾਂ ਨਾਲੋਂ ਸਸਤੀਆਂ ਕਾਰਾਂ ਅਸੀਂ ਵੇਚਦੇ ਹਾਂ

ਜਦੋਂ ਵੀ ਕਾਰ, ਪਿਕ ਅੱਪ, ਬਲੇਜ਼ਰ, 4 ਸੈਲੰਡਰ, 6 ਸੈਲੰਡਰ ਜਾਂ 8 ਸੈਲੰਡਰ, ਫ਼ੋਰ ਡੋਰ ਜਾਂ ਟੂ ਡੋਰ ਕਾਰਾਂ ਦੀ ਲੋੜ ਹੋਵੇ ਤਾਂ ਸਿੱਧੇ R & K Suto Sales ਨੂੰ ਚਲੇ ਆਉ ਤੇ ਆਪਣੇ ਪੈਸੇ ਦੀ ਬੱਚਤ ਕਰੋ



ਥੋੜ੍ਹੇ ਡਾਲਰ ਡਾਊਨ ਦੇ ਕੇ ਆਸਾਨ ਕਿਸ਼ਤਾਂ ਉਤੇ ਕਾਰਾਂ ਖ਼ੀਦਣ ਦਾ ਬਹੁਤ ਚੰਗਾ ਪ੍ਰਬਧ ਹੈ ।

**ਨੌਜਵਾਨ ਦਿਲਾਂ ਦੀ ਧੜਕਣ ਸਪੋਰਟਸ ਕਾਰਾਂ ਸਦਾ ਹੀ ਸਾਡੇ ਸਟਾਕ ਵਿਚ ਹੁੰਦੀਆਂ ਹਨ**

**ਪੰਜਾਬੀ ਭਰਾ ਪੰਜਾਬੀ ਵਿਚ ਹੀ ਗੱਲ ਕਰ ਸਕਦੇ ਹੋ !**

**SAVE MORE**



# R & K AUTO SALES

444 Colusa Hwy. YUBA CITY — CAL. **Ph. (916) 674-8680**

# KANG UP HOLSTERY

## CUSTOM UPHOLSTERING

**UPHOLSTERY FURNITURE MADE TO ORDER**

**Estimates Submitted/Pick-up & Delivery**

**Ph. (916) 673-6594 or 674-2500**

**Res: (916) 673-3387**



ਸਵਰਨ ਸਿੰਘ ਕੰਗ

**ਯੂਬਾ ਸਿਟੀ ਦੇ ਰਹਿਣ ਵਾਲੇ ਆਪਣੇ ਘਰ ਲਈ ਆਪਣੀ ਮਰਜ਼ੀ ਦਾ ਸੋਫ਼ਾ, ਚੇਅਰ ਜਾਂ ਹੋਰ ਸਾਮਾਨ ਆਰਡਰ ਬੁੱਕ ਕਰਵਾ ਕੇ ਬਣਵਾ ਸਕਦੇ ਹਨ**

**632 N. WALTON, ROAD, YUBA CITY, CA.**

# ਹਰਿਆਣਾ ਦੇ ਚੋਣ ਨਤੀਜੇ ਕੌਮੀ ਰਾਜਨੀਤੀ ਤੇ ਕੀ ਪ੍ਰਭਾਵ ਪਾਉਣਗੇ?

ਨਜ਼ੀਰ ਅਹਿਮਦ ਦੇਹਲਵੀ

ਹਰਿਆਣੇ ਵਿਚ ਕਾਂਗਰਸ ਆਈ ਨੂੰ ਜਿਹੜੀ ਲੱਕ ਤੋੜਵੀਂ ਹਾਰ ਹੋਈ ਹੈ ਉਸ ਨੇ ਦੇਸ਼ ਭਰ ਦੇ ਰਾਜਨੀਤਕ ਹਲਕਿਆਂ ਨੂੰ ਚੌਂਕਾ ਕੇ ਰੱਖ ਦਿੱਤਾ ਹੈ। ਹਰਿਆਣੇ ਦੀਆਂ ਚੋਣ ਸਰਗਰਮੀਆਂ ਸੰਬੰਧੀ ਆ ਰਹੀਆਂ ਖਬਰਾਂ ਲਗਾਤਾਰ ਇਹ ਦਰਸਾ ਰਹੀਆਂ ਸਨ ਕਿ ਲੋਕ ਦਲ (ਬਹੁਗੁਣਾ) ਦਾ ਹੱਥ ਉਤੇ ਹੈ ਪਰ ਇਹ ਕਿਸੇ ਨੇ ਵੀ ਨਹੀਂ ਕਿਆਸਿਆ ਸੀ ਕਿ ਕਾਂਗਰਸ ਆਈ ਨੂੰ ਹਰਿਆਣਵੀ ਲੋਕ ਇੰਨੀ ਵੱਡੀ ਸੱਟ ਮਾਰਨਗੇ ਕਿ ਉਹ ਪਾਣੀ ਵੀ ਨਾ ਮੰਗ ਸਕੇ। ਇਨ੍ਹਾਂ ਚੋਣਾਂ ਦੇ ਨਤੀਜਿਆਂ ਨੇ ਦੇਸ਼ ਭਰ ਵਿਚ ਇਕ ਨਵੀਂ ਤਰ੍ਹਾਂ ਦਾ ਰਾਜਨੀਤਕ ਵਾਤਾਵਰਣ ਪੈਦਾ ਕਰ ਦਿੱਤਾ ਹੈ। ਜਿਥੇ ਰਾਜ-ਨੀਤਕ ਹਲਕੇ ਇਕ ਪਾਸੇ ਕਾਂਗਰਸ ਆਈ ਦੇ ਹਾਰਨ ਦੇ ਕਾਰਨਾਂ ਦਾ ਲੇਖਾ ਜੋਖਾ ਕਰ ਰਹੇ ਹਨ ਉਥੇ ਇਨ੍ਹਾਂ ਨਤੀਜਿਆਂ ਦੇ ਕੌਮੀ ਰਾਜਨੀਤੀ ਤੇ ਪੈਣ ਵਾਲੇ ਪ੍ਰਭਾਵਾਂ ਦਾ ਵੀ ਜਾਇਜ਼ਾ ਲਿਆ ਜਾ ਰਿਹਾ ਹੈ ਹਰਿਆਣੇ ਵਿਚ ਕਾਂਗਰਸ ਆਈ ਦੇ ਹਾਰਨ ਦੇ ਬਹੁਤ ਸਾਰੇ ਕਾਰਨ ਹਨ ਪਰ ਇਨ੍ਹਾਂ ਵਿਚੋਂ ਮੁਖ ਕਾਰਨ ਇਸ ਪ੍ਰਕਾਰ ਹਨ।

(1) ਪੰਜਾਬ ਸਮਝੌਤਾ।
(2) ਸਕੈਂਡਲ ਸਾਹਮਣੇ ਆਉਣ ਨਾਲ ਇੱਕਾ ਲੀਡਰਸ਼ਿਪ ਦਾ ਬਦਨਾਮ ਹੋਣਾ।
(3) ਭਜਨ ਲਾਲ ਦੀਆਂ ਕਲਾਬਾਜ਼ੀਆਂ।
(4) ਕਰਜ਼ੇ ਮੁਆਫ ਕਰਨ ਦੇ ਵਾਇਦੇ।
(5) ਘਟੀਆ ਚੋਣ ਹਥਕੰਡੇ।
(6) ਕਾਂਗਰਸ ਆਈ ਦੀ ਅੰਦਰੂਨੀ ਫੁਟ।

ਪੰਜਾਬ ਨਾਲ ਹੋਈਆਂ ਬੇਇਨਸਾਫੀਆਂ ਨੂੰ ਦੂਰ ਕਰਨ ਲਈ ਅਕਾਲੀ ਦਲ ਨੇ ਲੰਮਾ ਸੰਘਰਸ਼ ਕੀਤਾ ਸੀ। ਉਸ ਤੋਂ ਬਾਅਦ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਅਤੇ ਸਵਰਗੀ ਸੰਤ ਹਰਚੰਦ ਸਿੰਘ ਲੌਂਗੋਵਾਲ ਦਰਮਿਆਨ ਸਮਝੌਤਾ ਹੋਇਆ ਸੀ। ਇਹ ਸਮਝੌਤਾ ਅਸਲ ਵਿਚ ਪੰਜਾਬ ਵਿਚ ਲੰਮੇ ਸਮੇਂ ਤਕ ਰਹੇ ਕਾਂਗਰਸ ਰਾਜ ਅਧੀਨ ਹੋਈਆਂ ਗਲਤੀਆਂ ਨੂੰ ਕੁਝ ਦਰੁਸਤ ਕਰਨ ਦਾ ਯਤਨ ਹੀ ਸੀ। ਪੰਜਾਬ ਦੇ ਦਰਿਆਵਾਂ ਦੇ ਪਾਣੀਆਂ ਸਬੰਧੀ ਸਮੇਂ ਦੀਆਂ ਕੇਂਦਰੀ ਸਰਕਾਰਾਂ ਨੇ ਮੰਨ-ਮਾਨੇ ਸਮਝੌਤੇ ਪੰਜਾਬ ਤੇ ਠੋਸ ਦਿੱਤੇ ਸਨ। 1955 ਵਿਚ ਜਦੋਂ ਪਾਕਿਸਤਾਨ ਨੇ ਕੌਮਾਂਤਰੀ ਅਦਾਲਤ ਵਿਚ ਭਾਰਤ ਤੋਂ ਦਰਿਆਈ ਪਾਣੀਆਂ ਦਾ ਹਿਸਾ ਲੈਣ ਲਈ ਇਹ ਮੁੱਦਾ ਉਠਾਇਆ ਤਾਂ ਭਾਰਤ ਸਰਕਾਰ ਨੇ ਦੇਸ਼ ਵਿਚ ਦਰਿਆਈ ਪਾਣੀਆਂ ਦੀ ਲੋੜ ਦਰਸਾਉਣ ਲਈ ਰਾਜਸਥਾਨ ਤੇ ਪੰਜਾਬ ਵਿਚ ਪਾਣੀ ਦੀ ਖਪਤ ਸੰਬੰਧੀ ਕੁਝ ਤਜਵੀਜ਼ਾਂ ਬਣਾ ਕੇ ਕੌਮਾਂਤਰੀ ਅਦਾਲਤ ਵਿਚ ਪੇਸ਼ ਕਰ ਦਿੱਤੀਆਂ। ਇਨ੍ਹਾਂ ਤਜਵੀਜ਼ਾਂ ਤੇ ਪੰਜਾਬ ਦੀਆਂ ਵਿਰੋਧੀ ਪਾਰਟੀਆਂ ਦੀ ਕੋਈ ਬਾਕਾਇਦਾ ਰਾਇ ਨਹੀਂ ਲਈ ਗਈ ਸੀ। ਇਹ ਤਜਵੀਜ਼ਾਂ ਵੱਖ ਵੱਖ ਸੂਬਿਆਂ ਵਿਚ ਪਾਣੀਆਂ ਦੀ ਵੰਡ ਸੰਬੰਧੀ ਕੋਈ ਬਾਕਾਇਦਾ ਸਮਝੌਤਾ ਨਹੀਂ ਸਨ। ਪਰ ਇਹ ਪਾਕਿਸਤਾਨ ਦੇ ਦਾਅਵੇ ਨੂੰ ਰੱਦ ਕਰਨ ਲਈ ਪੇਸ਼ ਕੀਤੀਆਂ ਗਈਆਂ ਸਨ। ਜਿਨ੍ਹਾਂ ਕਾਰਨ ਪਾਕਿਸਤਾਨ ਨੂੰ ਪਾਣੀ ਦਾ ਹਿਸਾ ਦੇਣ ਦੀ ਥਾਂ ਉਸ ਨੂੰ ਕੁਝ ਪੈਸੇ ਦੇ ਕੇ ਉਸ ਨਾਲ ਸਮਝੌਤਾ ਕਰ ਲਿਆ ਗਿਆ ਸੀ। ਪਿਛੋਂ ਕੇਂਦਰੀ ਸਰਕਾਰ ਨੇ ਇਨ੍ਹਾਂ ਤਜਵੀਜ਼ਾਂ ਨੂੰ ਹੀ ਪੰਜਾਬ ਤੇ ਰਾਜਸਥਾਨ ਦਰਮਿਆਨ ਦਰਿਆਈ ਪਾਣੀਆਂ ਸੰਬੰਧੀ 1955 ਦੇ ਸਮਝੌਤੇ ਦਾ ਨਾਂਅ ਦੇ ਦਿੱਤਾ। ਪਿਛੋਂ ਪੰਜਾਬ ਦੀ ਵੰਡ ਤੋਂ ਬਾਅਦ ਪੰਜਾਬ ਤੇ ਹਰਿਆਣੇ ਦਰਮਿਆਨ ਪਾਣੀ ਦੀ ਵੰਡ ਸੰਬੰਧੀ ਮੁੜ ਮਨਮਾਨੇ ਢੰਗ ਨਾਲ ਸਮਝੌਤੇ ਠੋਸ ਦਿਤੇ ਗਏ ਇਥੋਂ ਤੱਕ ਕਿ 1981 ਵਿਚ ਸ੍ਰੀਮਤੀ ਇੰਦਰਾ ਗਾਂਧੀ ਨੇ ਮੁਖ ਮੰਤਰੀ ਦਰਬਾਰਾ ਸਿੰਘ ਤੇ ਦਬਾਅ ਪਾ ਕੇ ਸੁਪਰੀਮ ਕੋਰਟ 'ਚੋਂ ਕੇਸ ਵਾਪਸ ਕਰਾਇਆ ਤੇ ਹਰਿਆਣੇ ਦੇ ਹੱਕ 'ਚ ਸਮਝੌਤਾ ਕਰ ਦਿੱਤਾ। ਇਸੇ ਤਰ੍ਹਾਂ ਪੰਜਾਬ ਦੇ ਪੁਨਰਗਠਨ ਸਮੇਂ ਪੰਜਾਬੀ ਬੋਲਦੇ ਬਹੁਤ ਸਾਰੇ ਇਲਾਕੇ ਪੰਜਾਬ ਤੋਂ ਬਾਹਰ ਰੱਖੇ ਗਏ ਸਨ। ਇਨ੍ਹਾਂ ਗਲਤੀਆਂ ਨੂੰ ਠੀਕ ਕਰਾਉਣ ਲਈ



ਹੋਏ ਸਮਝੌਤੇ ਨਾਲ ਹਰਿਆਣੇ ਨੂੰ ਕੁਝ ਨਾ ਕੁਝ ਛੱਡਣਾ ਪੈਣਾਂ ਸੀ। ਇਸ ਲਈ ਇਹ ਸੁਭਾਵਿਕ ਸੀ ਕਿ ਹਰਿਆਣੇ ਦੀਆਂ ਵਿਰੋਧੀ ਪਾਰਟੀਆਂ ਜਿਨ੍ਹਾਂ ਦਾ ਨਿਸ਼ਾਨਾ ਕਾਂਗਰਸ ਨੂੰ ਇਸ ਰਾਜ ਤੋਂ ਉਖਾੜਨਾ ਸੀ ਉਹ ਇਸ ਸਮਝੌਤੇ ਨੂੰ ਹਰਿਆਣੇ ਦੇ ਵਿਰੁੱਧ ਵਰਤਦੀਆਂ। ਸ੍ਰੀ ਦੇਵੀ ਲਾਲ ਦੀ ਅਗਵਾਈ ਵਿਚ ਲੋਕ ਦਲ ਅਤੇ ਬੀ ਜੇ ਪੀ ਨੇ ਕੁਝ ਹੋਰ ਪਾਰਟੀਆਂ ਨੂੰ ਨਾਲ ਲੈ ਕੇ ਸੰਘਰਸ਼ ਸੰਮਤੀ ਬਣਾਈ ਤੇ ਡੇਢ ਸਾਲ ਤੱਕ ਅੰਦੋਲਨ ਚਲਾਇਆ ਤੇ ਹਰਿਆਣੇ ਦੇ ਲੋਕਾਂ ਦੇ ਮਨਾਂ 'ਚ ਇਹ ਗੱਲ ਬਿਠਾ ਦਿਤੀ ਕਿ ਪੰਜਾਬ ਸਮਝੌਤਾ ਹਰਿਆਣੇ ਦੇ ਹਿਤਾਂ ਦੇ ਵਿਰੁਧ ਹੈ। ਇਸ ਨਾਲ ਹਰਿਆਣੇ ਨੂੰ ਘੱਟ ਪਾਣੀ ਮਿਲੇਗਾ ਤੇ ਇਸ ਦੇ ਇਲਾਕੇ ਖੁਸ ਜਾਣਗੇ। ਇਨ੍ਹਾਂ ਮੁੱਦਿਆਂ ਤੇ ਹਰਿਆਣਵੀਆਂ ਦੀਆਂ ਭਾਵਨਾਵਾਂ ਭੜਕਾਈਆਂ ਗਈਆਂ। ਦੂਜੇ ਪਾਸੇ ਕਾਂਗਰਸ ਆਈ ਦੀ ਰਾਜ ਸਰਕਾਰ ਨਾ ਤਾਂ ਇਸ ਪ੍ਰਚਾਰ ਦਾ ਕੋਈ ਢੁਕਵੇਂ ਢੰਗ ਨਾਲ ਜਵਾਬ ਦੇ ਸਕੀ ਤੇ ਨਾ ਹੀ ਕੇਂਦਰ ਦੀ ਰਾਜ ਸਰਕਾਰ ਪੰਜਾਬ ਸਮਝੌਤੇ ਬਾਰੇ ਸਪੱਸ਼ਟ ਸਟੈਂਡ ਲੈ ਸਕੀ। ਹਰਿਆਣੇ ਦੇ ਮੁਖ ਮੰਤਰੀ ਖੁਦ ਸੰਘਰਸ਼ ਸੰਮਤੀ ਦੇ ਅੰਦੋਲਨ ਦੇ ਦਬਾਅ ਹੇਠ ਆ ਕੇ ਵਿਰੋਧੀ ਪਾਰਟੀਆਂ ਵਾਲੀਆਂ ਪੁਜ਼ੀਸ਼ਨਾਂ ਲੈਣ ਲੱਗ ਪਏ। ਉਨ੍ਹਾਂ ਨੇ ਕੇਂਦਰ 'ਚ ਆਪਣੀ ਲਾਬੀ ਰਾਹੀਂ ਸਮਝੌਤੇ ਨੂੰ ਸਾਬੋਤਾਜ ਕਰਵਾਉਣ ਲਈ ਯਤਨ ਜਾਰੀ ਰੱਖੇ। ਕਾਂਗਰਸ ਆਈ ਦੀ ਕੇਂਦਰੀ ਲੀਡਰਸ਼ਿਪ ਵੀ ਪੰਜਾਬ ਤੇ ਹਰਿਆਣੇ ਵਲੋਂ ਪੈਣ ਵਾਲੇ ਦਬਾਵਾਂ ਕਾਰਨ ਕਦੇ ਇਧਰ ਲੁਕ ਜਾਂਦੀ ਸੀ ਕਦੇ ਦੂਜੇ ਪਾਸੇ। ਇਸ ਪਹੁੰਚ ਨੇ ਦੋਹਾਂ ਰਾਜਾਂ ਦੇ ਲੋਕਾਂ ਵਿਚ ਕੇਂਦਰ ਪ੍ਰਤੀ ਅਵਿਸ਼ਵਾਸ ਦੀ ਭਾਵਨਾ ਪੈਦਾ ਕੀਤੀ। ਦੋਹਾਂ ਰਾਜਾਂ ਦੇ ਲੋਕਾਂ ਨੇ ਇਹ ਸਮਝਣਾ ਸ਼ੁਰੂ ਕਰ ਦਿੱਤਾ ਕਿ ਕੇਂਦਰ ਉਨ੍ਹਾਂ ਦਾ ਵਫਾਦਾਰ ਨਹੀਂ ਹੈ। ਪੰਜਾਬ ਵਿਚ ਹਿੰਸਾ ਜਾਰੀ ਰਹਿਣ ਕਾਰਨ ਹਰਿਆਣੇ ਦੇ ਹਿੰਦੂ ਵੋਟਰਾਂ ਦਾ ਪ੍ਰਭਾਵਤ ਹੋਣਾ ਵੀ ਸੁਭਾਵਕ ਸੀ। 1984 ਦੀਆਂ ਲੋਕ ਸਭਾ ਚੋਣਾਂ ਅਤੇ ਉਸ ਪਿਛੋਂ ਹੋਈਆਂ ਕੁਝ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਤੱਕ ਪੰਜਾਬ ਦੀ ਹਿੰਸਾ ਕਾਂਗਰਸ ਆਈ ਲਈ ਜਾਦੂ ਦਾ ਡੰਡਾ ਸੀ ਜਿਹੜਾ ਕਿ ਉਹ ਦੇਸ਼ ਦੇ ਲੋਕਾਂ ਨੂੰ ਦਿਖਾਉਂਦੀ ਸੀ ਤੇ ਆਪਣੇ ਨਾਲ ਜੋੜ ਲੈਂਦੀ ਸੀ। ਪਰ ਪੱਛਮੀ ਬੰਗਾਲ ਤੇ ਕੇਰਲ ਦੀਆਂ ਚੋਣਾਂ ਆਉਣ ਤਕ ਪੰਜਾਬ ਦੀ ਹਿੰਸਾ ਕਾਂਗਰਸ ਆਈ ਲਈ ਇਕ ਘਾਟੇ ਵਾਲਾ ਸੌਦਾ ਬਣ ਗਈ। ਦੇਸ਼ ਦੇ ਲੋਕਾਂ ਅੰਦਰ ਇਹ ਭਾਵਨਾ ਪੈਦਾ ਹੋਣ ਲਗ ਪਈ ਕਿ ਕਾਂਗਰਸ ਆਈ ਦੀ ਕੇਂਦਰੀ ਲੀਡਰਸ਼ਿਪ ਖਾਸ ਕਰਕੇ ਰਾਜੀਵ ਗਾਂਧੀ ਪੰਜਾਬ ਤੇ ਦੇਸ਼ ਦੀਆਂ ਸਮੱਸਿਆਵਾਂ ਸੁਲਝਾਉਣ ਦੇ ਸਮਰਥ ਨਹੀਂ ਹਨ। ਹੁਣ ਹਰਿਆਣੇ ਦੀਆਂ ਚੋਣਾਂ ਤਕ ਪੰਜਾਬ ਦੀ ਹਿੰਸਾ ਦਾ ਉਲਟ ਪ੍ਰਭਾਵ ਹੋਰ ਵੀ ਵਧ ਗਿਆ ਸੀ। ਇਸ ਲਈ ਜਦੋਂ ਚੋਣਾਂ ਨੇੜੇ ਜਾ ਕੇ ਬਰਨਾਲਾ ਸਰਕਾਰ ਤੋੜੀ ਗਈ ਤੇ ਇਰਾਦੀ ਟ੍ਰਿਬਿਊਨਲ ਦੀ ਰਿਪੋਰਟ ਜਾਰੀ ਕੀਤੀ ਗਈ ਤਾਂ ਹਰਿਆਣੇ ਦੇ ਲੋਕਾਂ ਨੇ ਕੇਂਦਰ ਪ੍ਰਤੀ ਪਹਿਲਾਂ ਪੈਦਾ ਹੋ ਚੁਕੇ ਅਵਿਸ਼ਵਾਸ ਕਾਰਨ ਇਨ੍ਹਾਂ ਗੱਲਾਂ ਨੂੰ ਗੰਭੀਰਤਾ ਜਾਂ ਆਪਣੇ ਲਈ ਲਾਭਦਾਇਕ ਪਹਿਲੂਆਂ ਵਜੋਂ ਨਹੀਂ ਲਿਆ ਸਗੋਂ ਚੋਣਾਂ ਜਿੱਤਣ ਲਈ ਹਥਕੰਡਿਆਂ ਵਜੋਂ ਲਿਆ ਅਤੇ ਇਸ ਨਾਲ ਇਨ੍ਹਾਂ ਵਿਚ ਹੋਰ ਵੀ ਚਿੜ ਪੈਦਾ ਹੋਈ।

ਪਿਛਲੇ ਤਿੰਨ ਚਾਰ ਮਹੀਨਿਆਂ ਦੌਰਾਨ ਪੱਛਮੀ ਜਰਮਨੀ ਤੋਂ ਖਰੀਦੀਆਂ ਗਈਆਂ ਪਣਡੁੱਬੀਆਂ ਦੇ ਮਾਮਲੇ 'ਚ ਦਲਾਲੀ ਖਾਣ, ਸਵੀਡਨ ਤੋਂ ਤੋਪਾਂ ਖਰੀਦਣ ਦੇ ਮਾਮਲੇ 'ਚ 50 ਕਰੋੜ ਦੇ ਲੱਗਭਗ ਦਲਾਲੀ ਲੈਣ, ਕੁਝ ਭਾਰਤੀ ਪੂੰਜੀਪਤੀਆਂ ਵਲੋਂ ਸਵਿਸ ਬੈਂਕਾਂ 'ਚ ਭਾਰਤੀ ਕਾਨੂੰਨਾਂ ਦੀ ਉਲੰਘਣਾ ਕਰਕੇ ਪੈਸੇ ਜਮ੍ਹਾਂ ਕਰਾਉਣ ਅਤੇ ਇਨ੍ਹਾਂ ਦੀ ਜਾਂਚ ਲਈ ਅਮਰੀਕੀ ਏਜੰਸੀ ਫੇਅਰਫੈਕਸ ਆਦਿ ਨੂੰ ਨਿਯੁਕਤ ਕਰਨ ਤੇ ਵੀ ਪੀ ਸਿੰਘ ਵਲੋਂ ਅਸਤੀਫਾ ਦੇਣ ਆਦਿ ਤੇ ਮਾਮਲੇ ਵਿਵਾਦ ਦਾ ਕੇਂਦਰ ਬਣੇ ਰਹੇ। ਰਾਜੀਵ ਗਾਂਧੀ ਤੇ ਉਸ ਦੀ ਸਰਕਾਰ ਨੇ ਇਨ੍ਹਾਂ ਮੁੱਦਿਆਂ ਤੇ ਸਪੱਸ਼ਟੀਕਰਨ ਦਿੰਦਿਆਂ ਪਾਰਲੀਮੈਂਟ ਵਿਚ ਵਾਰ ਵਾਰ ਆਪਣੇ ਸਟੈਂਡ ਬਦਲੇ। ਇਸ ਤਰ੍ਹਾਂ ਵਰਤਾਓ ਕੀਤਾ ਜਿਵੇਂ ਸਰਕਾਰ ਭ੍ਰਿਸ਼ਟਾਚਾਰ ਵਿਚ ਸ਼ਾਮਲ ਲੋਕਾਂ ਨੂੰ ਬਚਾਉਣਾ ਚਾਹੁੰਦੀ ਹੈ ਜਾਂ ਭ੍ਰਿਸ਼ਟਾਚਾਰ ਵਿਚ ਖੁਦ ਸ਼ਾਮਲ ਹੈ। ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਵਿਚਕਾਰ ਪੈਦਾ ਹੋਏ ਤਨਾਅ ਨੇ ਰਹਿੰਦੀ ਕਸਰ ਪੂਰੀ ਕਰ ਦਿੱਤੀ। ਲੋਕਾਂ ਵਿਚ ਇਹ ਪ੍ਰਭਾਵ ਪਿਆ ਕਿ ਰਾਜੀਵ ਗਾਂਧੀ ਰਾਸ਼ਟਰਪਤੀ ਦੇ ਅਹੁਦੇ ਦਾ ਸਨਮਾਨ ਨਹੀਂ ਕਰ ਰਹੇ ਸਗੋਂ ਖੁਦ ਤਾਨਾਸ਼ਾਹ ਬਣਨ ਲਈ ਯਤਨਸ਼ੀਲ ਹਨ। ਇਨ੍ਹਾਂ ਸਾਰੀਆਂ ਗੱਲਾਂ ਨੇ ਕਾਂਗਰਸ ਆਈ ਤੇ ਉਸ ਦੀ ਲੀਡਰਸ਼ਿਪ ਵਿਰੁੱਧ ਮਾਹੌਲ ਤਿਆਰ ਕੀਤਾ।

ਭਜਨ ਲਾਲ 1980 ਵਿਚ ਇੰਦਰਾ ਗਾਂਧੀ ਦੇ ਮੁੜ ਸਤਾ ਵਿਚ ਆਉਣ ਤੋਂ ਬਾਅਦ ਬਹੁਗਿਣਤੀ ਵਿਧਾਇਕਾਂ ਨੂੰ ਨਾਲ ਲੈ ਕੇ ਇਕ ਤਰ੍ਹਾਂ ਪੂਰੀ ਦੀ ਪੂਰੀ ਸਰਕਾਰ ਲੈ ਕੇ ਕਾਂਗਰਸ ਆਈ 'ਚ ਸ਼ਾਮਲ ਹੋ ਗਏ। ਉਸ ਤੋਂ ਪਿਛੋਂ 1981 'ਚ ਹੋਈਆਂ ਚੋਣਾਂ ਵਿਚ ਕਾਂਗਰਸ ਆਈ ਨੂੰ ਸਿਰਫ 36 ਸੀਟਾਂ ਮਿਲੀਆਂ ਸਨ। ਦੂਜੇ ਪਾਸੇ ਦੇਵੀ ਲਾਲ ਦੂਜੀਆਂ ਪਾਰਟੀਆਂ ਅਤੇ ਅਜ਼ਾਦਾਂ ਦੀ ਹਮਾਇਤ ਨਾਲ ਸਰਕਾਰ ਬਨਾਉਣ ਦੇ ਸਮਰਥ ਸਨ। ਪਰ ਭਜਨ ਲਾਲ ਨੇ ਕਾਂਗਰਸ ਆਈ ਦੀ ਕੇਂਦਰੀ ਲੀਡਰਸ਼ਿਪ ਨਾਲ ਗੰਢ ਤਰੁਪ ਕਰਕੇ ਹਰਿਆਣੇ ਦੇ ਰਾਜਪਾਲ ਤਪਾਸੇ ਰਾਹੀਂ ਮੁਖ ਮੰਤਰੀ ਦੀ ਸਹੁੰ ਚੁਕ ਲਈ ਤੇ ਪਿਛੋਂ ਕਾਂਗਰਸ ਦੇ 36 ਵਿਧਾਇਕਾਂ ਦੀ ਗਿਣਤੀ ਭ੍ਰਿਸ਼ਟ ਢੰਗ ਤਰੀਕੇ ਵਰਤਕੇ 63 ਤੱਕ ਵਰਤ ਲਈ। ਇਸ ਤਰ੍ਹਾਂ ਹਰਿਆਣੇ ਦੇ ਲੋਕਾਂ ਵਿਚ ਦੇਵੀ ਲਾਲ ਪ੍ਰਤੀ ਹਮਦਰਦੀ ਦੀ ਭਾਵਨਾ ਸੀ ਕਿ ਉਸ ਨੂੰ ਉਸ ਦੇ ਹੱਕ ਤੋਂ ਵਾਂਝੇ ਕੀਤਾ ਗਿਆ ਸੀ। ਇਨ੍ਹਾਂ ਚੋਣਾਂ ਸਮੇਂ ਸ੍ਰੀ ਦੇਵੀ ਲਾਲ ਨੇ ਇਹ ਮੁੱਦਾ ਵੀ ਜ਼ੋਰ ਨਾਲ ਉਠਾਇਆ ਸੀ। ਜਦੋਂ ਲੋਕਾਂ ਨੂੰ ਹੁਣ ਦਖਲ ਦੇਣ ਦਾ ਮੌਕਾ ਮਿਲਿਆ ਤਾਂ ਉਨ੍ਹਾਂ ਨੇ ਭਜਨ ਲਾਲ ਦੀਆਂ ਕਲਾਬਾਜ਼ੀਆਂ ਦੀ ਸਜ਼ਾ ਵੀ ਕਾਂਗਰਸ ਆਈ ਨੂੰ ਦਿੱਤੀ।

ਚੌਧਰੀ ਦੇਵੀ ਲਾਲ ਨੇ ਜਿਥੇ ਹਰਿਆਣੇ ਦੇ ਹਿਤਾਂ ਲਈ ਅੰਦੋਲਨ ਚਲਾ ਕੇ ਲੋਕਾਂ ਨੂੰ ਆਪਣੇ ਪਿਛੇ ਲਾਮਬੰਦ ਕੀਤਾ ਸੀ ਉਥੇ ਚੋਣਾਂ ਜਿੱਤਣ ਲਈ ਉਨ੍ਹਾਂ ਨੂੰ ਕੁਝ ਇਹੋ ਜਿਹੇ ਨਾਅਰੇ ਵੀ ਦਿੱਤੇ ਜਿਹੜੇ ਲੋਕਾਂ ਲਈ ਵਿਸ਼ੇਸ਼ ਤੌਰ ਤੇ ਖਿਚ ਦਾ ਕਾਰਨ ਬਣੇ। ਉਨ੍ਹਾਂ ਨੇ ਕਿਸਾਨਾਂ ਨੂੰ ਆਖਿਆ ਕਿ ਮੁਖ ਮੰਤਰੀ ਬਣਨ ਪਿਛੋਂ ਉਹ 15 ਹਜ਼ਾਰ ਤੋਂ ਹੇਠਾਂ ਹੇਠਾਂ ਸਾਰੇ ਕਰਜ਼ੇ ਮੁਆਫ ਕਰ ਦੇਣਗੇ। ਵਰਤਮਾਨ ਸਥਿਤੀ 'ਚ ਮੰਦਹਾਲੀ ਦਾ ਸ਼ਿਕਾਰ ਕਿਸਾਨੀ ਨੂੰ ਇਸ ਨਾਅਰੇ ਨੇ ਬਹੁਤ ਖਿਚਿਆ। ਇਸ ਤੋਂ ਇਲਾਵਾ ਉਨ੍ਹਾਂ ਨੇ ਅੰਦੋਲਨ ਕਰ ਰਹੇ ਕਰਮਚਾਰੀਆਂ ਨੂੰ ਭਰੋਸਾ ਦੁਆਇਆ ਕਿ ਚੋਣ ਜਿੱਤਣ ਪਿਛੋਂ ਉਹ ਉਨ੍ਹਾਂ ਨੂੰ ਇਨਸਾਫ ਮੁਹਈਆ ਕਰਨਗੇ। ਸ੍ਰੀ ਦੇਵੀ ਲਾਲ ਨੇ ਹਰਿਆਣੇ ਦੇ ਵੱਖ ਵੱਖ ਵਰਗਾਂ ਦੇ ਲੋਕਾਂ ਦੀਆਂ ਖਾਹਿਸ਼ਾਂ ਬਹੁਤ

ਬਾਕੀ ਪੰਨਾ 13 'ਤੇ

THINKING OF BUYING or SELLING
(RESIDENTIAL, COMMERCIAL, FARMS & INDUSTRIAL)

L/R
Lake View Realty

FREE Consultation for BUYING or SELLING
FREE Information on Financing
FREE Knowledge of your existing Mortgage
FREE EVALUATION of your property

FOR FRIENDLY & EFFICIENT SERVICE

Call

NIRMAL (NEIL) DHALIWAL



Bus: 588-9955 Res: 597-2069

I know the signs of a good neighbourhood.

If your property is currently listed with a real estate broker, please disregard this offer. It is not our intention to solicit the offerings of other real estate brokers. We are happy to work with them and cooperate fully



Naneen

INDIAN FEATURES SYNDICATE BOMBAY 400 082

ਇਸ ਵਿਚ ਵੀ ਵਿਦੇਸ਼ੀ ਹੱਥ ਜਾਪਦਾ ਹੈ। ਮੈਂ ਹੈਰਾਨ ਹਾਂ ਕਿ ਵੋਟਰ ਨੂੰ ਅਚਾਨਕ ਹੀ ਭ੍ਰਿਸ਼ਟਾਚਾਰ ਨਾਲ ਐਨੀ ਨਫ਼ਰਤ ਕਿਵੇਂ ਹੋ ਗਈ।

ਪੰਨਾ 9 ਦੀ ਬਾਕੀ

ਦਾ ਫੈਸਲਾ ਸੁਣਾਉਂਦਿਆਂ ਪੰਜਾਬ ਹਾਈਕੋਰਟ, ਲਾਹੌਰ ਦੇ ਫੈਸਲੇ ਨੂੰ ਬਹਾਲ ਰੱਖਿਆ ਅਤੇ ਗੁ: ਸ਼ਹੀਦ ਗੰਜ ਸਿੰਘਣੀਆਂ ਨੂੰ ਸਿਖ ਗੁਰਦੁਆਰਾ ਕਰਾਰ ਦੇਣ ਦਾ ਫੈਸਲਾ ਦਿੱਤਾ। ਇਸ ਫੈਸਲੇ ਦੇ ਕਾਰਨ ਹੀ ਦੇਸ਼ ਦੀ ਵੰਡ ਹੋ ਜਾਣ ਅਤੇ ਪਾਕਿਸਤਾਨ ਬਣ ਜਾਣ ਦੇ ਬਾਵਜੂਦ ਹੁਣ ਤੱਕ ਗੁ: ਸ਼ਹੀਦ ਗੰਜ ਬਤੌਰ ਗੁਰਦੁਆਰੇ ਦੇ ਸੁਰੱਖਿਅਤ ਚਲਿਆ ਆ ਰਿਹਾ ਹੈ। 1978 ਈ: ਵਿਚ ਕੁਝ ਮੁਸਲਮਾਨਾਂ ਨੇ ਗੁ: ਸ਼ਹੀਦ ਗੰਜ ਸਿੰਘਣੀਆਂ ਨੂੰ ਮਸਜਿਦ ਬਨਾਉਣ ਲਈ ਪਹਿਲਾਂ ਭੀ ਯਤਨ ਕੀਤਾ, ਪ੍ਰੰਤੂ ਉਹ ਪ੍ਰੀਵੀਕੌਂਸਲ ਦੇ ਫੈਸਲੇ ਦੀ ਰੌਸ਼ਨੀ ਵਿਚ ਸਫਲ ਨਹੀਂ ਹੋ ਸਕੇ ਅਰ ਹੁਣ ਸ਼ਰੱਈ ਅਦਾਲਤ ਦਾ ਫਾਇਦਾ ਉਠਾਉਣ ਲਈ ਮੁਹੰਮਦ ਸਦੀਕ ਚੁਗਤਾਈ ਵਲੋਂ ਪਾਵਨ ਕੁਰਾਨ ਸ਼ਰੀਫ ਦੀ ਆਇਤ ਨੰਬਰ 114 ਦੇ ਆਧਾਰ ਤੇ 9 ਸਤੰਬਰ 1986 ਨੂੰ ਮੁਕੱਦਮਾ ਦਾਇਰ ਕਰਕੇ ਇਸ ਗੁਰਦੁਆਰੇ ਨੂੰ ਮਸਜਿਦ ਵਿਚ ਤਬਦੀਲ ਕਰਨ ਲਈ ਯਤਨ ਕੀਤੇ ਜਾ ਰਹੇ ਹਨ, ਜਿਸ ਦੀ ਪੈਰਵੀ ਵਕੀਲ ਅਬਦੁਲ ਸਤਾਰ ਕਰ ਰਹੇ ਹਨ।

ਇਸ ਵੇਰ ਗੁ: ਸ਼ਹੀਦ ਗੰਜ ਲਾਹੌਰ ਸਬੰਧੀ ਚੁਗਤਾਈ ਜੀ ਵਲੋਂ ਦਾਇਰ ਕੀਤੀ ਦਰਖਾਸਤ ਸਬੰਧੀ ਸਭ ਤੋਂ ਪਹਿਲਾਂ ਦਿੱਲੀ ਤੋਂ ਪ੍ਰਕਾਸ਼ਤ ਹੋਣ ਵਾਲਾ ਉਰਦੂ ਦਾ ਹਫਤਾਵਾਰੀ ਅਖਬਾਰ 'ਸ਼ੇਰੇ-ਪੰਜਾਬ' ਜੋ ਦੇਸ਼ ਦੀ ਵੰਡ ਤੋਂ ਪਹਿਲਾਂ ਲਾਹੌਰ ਤੋਂ ਸਚਖੰਡ ਵਾਸੀ ਸ: ਅਮਰ ਸਿੰਘ ਸਾਬਕਾ ਪ੍ਰਧਾਨ ਗੁ: ਕਮੇਟੀ, ਲਾਹੌਰ ਵਲੋਂ ਸਿਖ ਪੰਥ ਦੇ ਅਧਿਕਾਰਾਂ ਦੀ ਨਿਧੜਕ ਹੋ ਕੇ ਰਾਖੀ ਲਈ ਜੂਝਦਾ ਰਿਹਾ ਅਤੇ 1947 ਤੋਂ ਪਿਛੋਂ ਦਸੰਬਰ 1986 ਵਿਚ ਖਬਰ ਪ੍ਰਕਾਸ਼ਤ ਕੀਤੀ ਅਤੇ ਉਸ ਖਬਰ ਦੇ ਆਧਾਰ ਪੁਰ ਹੀ 'ਅਜੀਤ', 'ਅਕਾਲੀ ਪੱਤਰਕਾ', 'ਪੰਜਾਬੀ ਟ੍ਰਿਬਿਊਨ', ਆਦਿ ਨੇ ਸਿਖ ਸੰਗਤਾਂ ਦਾ ਧਿਆਨ ਇਸ ਸਾਜ਼ਿਸ਼ ਵੱਲ ਦੁਆਇਆ। ਪ੍ਰਸਿੱਧ ਜਰਨਲਿਸਟ ਗਿਆਨੀ ਹਰੀ ਸਿੰਘ ਜੀ ਨੇ ਵੀ 'ਸਰਹੱਦੋਂ ਪਾਰ' ਵਾਲੇ ਆਰਟੀਕਲ ਵਿਚ ਖਬਰ ਦੇ ਕੇ ਵਡਮੁਲਾ ਲੇਖ ਭੀ ਲਿਖਿਆ। ਇਨ੍ਹਾਂ ਲੇਖਾਂ ਤੇ ਖਬਰਾਂ ਤੋਂ ਪ੍ਰਭਾਵਤ ਹੋ ਕੇ ਸ਼ਰੋਮਣੀ ਕਮੇਟੀ ਦੀ ਕਾਰਜਕਰਨੀ ਨੇ ਆਪਣੀ ਜਨਵਰੀ 1987 ਦੀ ਮੀਟਿੰਗ ਵਿਚ 'ਨੋਟਿਸ' ਲਿਆ ਸੀ। 'ਪੰਜਾਬੀ ਟ੍ਰਿਬਿਊਨ' ਵਿਚ 4 ਫਰਵਰੀ ਅਤੇ 'ਅਜੀਤ' ਵਿਚ 9 ਫਰਵਰੀ ਨੂੰ ਛਪੀਆਂ ਖਬਰਾਂ ਤੋਂ ਫਿਕਰਮੰਦ ਤੇ ਪ੍ਰੇਰਿਤ ਹੋ ਕੇ ਇਸ ਲੇਖ ਰਾਹੀਂ ਕੁਝ ਕੁ ਜਾਣਕਾਰੀ ਸਿਖ ਸੰਗਤਾਂ, ਸ਼ਰੋਮਣੀ ਕਮੇਟੀ ਤੇ ਭਾਰਤਵਾਸੀਆਂ ਦੀ ਗਿਆਤ ਹਿਤ ਦੇਣ ਲਈ ਮੈਂ ਮਨ ਬਣਾਇਆ ਹੈ ਤਾਂ ਜੋ ਸਬੰਧਤ ਤੱਥ ਸਾਹਮਣੇ ਲਿਆ ਸਕਾਂ ਅਤੇ ਭਵਿਖ ਲਈ ਭੀ ਰੀਕਾਰਡ ਰਹਿ ਸਕੇ।

ਇਸ ਵੇਰ ਚੁਗਤਾਈ ਜੀ ਵਲੋਂ ਦਾਇਰ ਕੀਤੀ ਦਰਖਾਸਤ ਬੜੀ ਅਹਿਮ ਤੇ ਸਿਖ ਸੰਸਾਰ ਲਈ ਗੰਭੀਰ ਚਿੰਤਾਜਨਕ ਹੈ। ਇਸ ਲਈ ਸ਼ਰੋਮਣੀ ਕਮੇਟੀ ਨੂੰ ਤੁਰੰਤ ਹੀ ਪੰਜਾਬ ਤੇ ਭਾਰਤ ਸਰਕਾਰਾਂ ਰਾਹੀਂ ਯਤਨ ਕਰਨਾ ਚਾਹੀਦਾ ਹੈ ਕਿ ਸ਼ਰੋਮਣੀ ਕਮੇਟੀ ਵਲੋਂ ਆਪਣੇ ਵਕੀਲ ਪਾਕਿਸਤਾਨ ਭੇਜ ਕੇ ਸਿਖ ਗੁਰਦੁਆਰਾ ਜੁਡੀਸ਼ਲ ਕਮਿਸ਼ਨ ਲਾਹੌਰ, ਪੰਜਾਬ ਹਾਈਕੋਰਟ ਲਾਹੌਰ ਅਤੇ ਪ੍ਰੀਵੀ ਕੌਂਸਲ ਲੰਦਨ ਵਿਚ ਹੋਏ ਫੈਸਲੇ ਅਤੇ ਹੋਰ ਲੋੜੀਂਦੇ ਕਾਨੂੰਨੀ ਪੱਖ ਸਬੰਧਤ ਅਦਾਲਤ ਵਿਚ ਪੇਸ਼ ਕਰਕੇ ਸਿਖਾਂ ਦਾ ਪੱਖ ਪੇਸ਼ ਕੀਤਾ ਜਾਵੇ। ਇਸ ਤੋਂ ਇਲਾਵਾ ਜੋ 'ਬਲਿਊਸਟਾਰ ਐਕਸ਼ਨ' ਸਮੇਂ ਸ਼ਰੋਮਣੀ ਕਮੇਟੀ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਲਾਹੌਰ ਦੀਆਂ ਗੁਰਦੁਆਰਾ ਸ਼ਹੀਦ ਗੰਜ ਦੇ ਮੁਕੱਦਮੇ ਤੇ ਜਾਇਦਾਦ ਨਾਲ ਸਬੰਧਤ ਫਾਈਲਾਂ ਜ਼ਾਇਆ ਨਾ ਹੋਈਆਂ ਹੋਣ ਤਾਂ ਸਬੰਧਤ ਫਾਈਲਾਂ ਨੂੰ ਵਿਚਾਰ ਕੇ ਮੁਕੱਦਮੇ ਦੀ ਪੈਰਵੀ ਤੇ ਤੁਰਤ-ਫੁਰਤ ਯਤਨ ਕੀਤੇ ਜਾਣ

ਬਾਕੀ ਪੰਨਾ 13 'ਤੇ

# ਯੂਬਾ ਸਿਟੀ ਗਾਈਡ




GSB TRAVEL

2086 Live Oak Blvd., Suite D
Yuba City, CA 95991

ਭਾਰਤ, ਪਾਕਿਸਤਾਨ, ਫੀਜ਼ੀ, ਲੰਡਨ, ਸ੍ਰੀ ਲੰਕਾ, ਫ਼ਿਜ਼ਨੀਲੈਂਡ, ਹਵਾਈ ਜਾਂ ਦੁਨੀਆਂ ਦੇ
ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ ਘੱਟ ਤੋਂ ਘੱਟ ਕਿਰਾਏ

671-6060 Open 7 Days a Week

*Great Service Is Our Business*

*Fully computerized for all your travel needs*



ਪ੍ਰੋਫ਼ੈਸ਼ਨਲ ਟਰੈਵਲ ਏਜੰਟਜ਼
ਵਿਉਪਾਰ ਜਾਂ ਮਨਪ੍ਰਚਾਵੇ ਲਈ ਸਫਰ ਕਰਨ ਲਈ ਪੂਰਾ ਪ੍ਰਬੰਧ ਹੈ

## ਜਾਇਦਾਦ ਖਰੀਦਣੀ ਜਾਂ ਵੇਚਣੀ ਚਾਹੁੰਦੇ ਹੋ?

ਕਿਸੇ ਪ੍ਰਕਾਰ ਦੀ ਜਾਇਦਾਦ ਖਰੀਦਣ ਜਾਂ ਵੇਚਣ ਤੋਂ ਪਹਿਲਾਂ ਮੁਫਤ ਪ੍ਰੋਫ਼ੈਸ਼ਨਲ ਸਲਾਹ ਮਸ਼ਵਰੇ ਲਈ ਫੂਨ ਕਰੋ

- Homes
- Ranches
- Commercial
- Industrial
- Exchanges

REALTOR® MLS

**Domain Realty**

(916) 671-4817

**Broker: Dr. Gulzar S. Johl**
**2086 Live Oak Blvd.**
**Suite C**
**Yuba City, CA 95991**

Large Selection of
Punjabi Books
For Sale

# SARI PALACE

Airline Tickets to
Anywhere in the World
Passport • Visas

ਸੂਟਾਂ ਦਾ ਕੱਪੜਾ, ਸਾੜ੍ਹੀਆਂ, ਦੁਪੱਟੇ, ਭਾਰਤੀ ਗਰੋਸਰੀ, ਹਿੰਦੀ ਪੰਜਾਬੀ ਵੀਡੀਓ ਫਿਲਮਾਂ ਅਤੇ ਗੀਤਾਂ ਦੀਆਂ ਭਰੀਆਂ ਟੇਪਾਂ ਬਹੁਤ ਹੀ ਵਾਜ਼ਬ ਕੀਮਤਾਂ ਤੇ ਮਿਲਦੀਆਂ ਹਨ। ਪੈਪਸੀ ਕੋਲਾ, ਸੈਵਨ ਅਪ ਤੇ ਹੋਰ ਹਰ ਤਰ੍ਹਾਂ ਦਾ ਸੌਦਾ ਤੁਹਾਨੂੰ ਸਾੜ੍ਹੀ ਫੈਸ਼ਨ ਤੋਂ ਮਿਲ ਸਕਦਾ ਹੈ।

East Indian and Pakistani Grocieries.
We rent Hindi and Punjabi movies on V.H.S.
Have large selection of pre-recorded
Punjabi and Hindi cassette tapes & fabrics

News Papers Like
!ndia West, Canada DarPan,
Also Sold Here
EVERY WEEK

**(916) 671-3105**

472 Palora Ave.
Yuba City
Calif. 95991

ਪੰਨਾ 11 ਦੀ ਬਾਕੀ

ਵਧਾ ਦਿੱਤੀਆਂ ਬਿਨਾਂ ਸ਼ੱਕ ਇਸ ਦਾ ਉਸ ਨੂੰ ਲਾਭ ਮਿਲਿਆ। (ਪਰ ਇਹ ਵੱਖਰੀ ਗੱਲ ਹੈ ਕਿ ਹੁਣ ਉਨ੍ਹਾਂ ਲਈ ਇਨ੍ਹਾਂ ਸਾਰੀਆਂ ਖਾਹਿਸ਼ਾਂ ਨੂੰ ਪੂਰਾ ਕਰਨਾ ਅਸੰਭਵ ਹੋਵੇਗਾ ਤੇ ਇਸ ਨਾਲ ਉਨ੍ਹਾਂ ਵਿਰੁੱਧ ਬੇਚੈਨੀ ਵੀ ਪੈਦਾ ਹੋਵੇਗੀ)।

ਪ੍ਰਧਾਨ ਮੰਤਰੀ ਰਾਜੀਵ ਗਾਂਧੀ ਤੇ ਕਾਂਗਰਸ ਆਈ ਦੀ ਲੀਡਰਸ਼ਿਪ ਨੇ ਭਜਨ ਲਾਲ ਦੀ ਜੋੜ ਤੋੜ ਤੇ ਦਲਬਦਲੀ ਦੀ ਰਾਜਨੀਤੀ ਨੂੰ ਮੁਖ ਰੱਖਦਿਆਂ ਇਹ ਮਹਿਸੂਸ ਕੀਤਾ ਸੀ ਕਿ ਹਰਿਆਣੇ ਵਿਚ ਉਹ ਕਾਂਗਰਸ ਆਈ ਨੂੰ ਚੋਣਾਂ ਨਹੀਂ ਜਿਤਾ ਸਕਣਗੇ। ਇਸ ਲਈ ਸ੍ਰੀ ਬੰਸੀ ਲਾਲ ਨੂੰ ਮੁਖ ਮੰਤਰੀ ਦੇ ਰੂਪ ਵਿਚ ਅੱਗੇ ਲਿਆਂਦਾ ਗਿਆ। ਹਰਿਆਣੇ 'ਚ ਸਤਾਧਾਰੀ ਹੋਣ ਤੋਂ ਪਿਛੋਂ ਭਜਨ ਲਾਲ ਬੰਸੀ ਲਾਲ ਤੇ ਹੋਰ ਇੰਕਾ ਆਗੂਆਂ ਦਾ ਆਧਾਰ ਖੋਰਨ ਅਤੇ ਆਪਣਾ ਆਧਾਰ ਬਣਾਉਣ ਵਿਚ ਰੁੱਝੇ ਰਹੇ ਸਨ ਪਿਛੋਂ ਬੰਸੀ ਲਾਲ ਨੇ ਆ ਕੇ ਭਜਨ ਲਾਲ ਤੇ ਆਪਣੇ ਵਿਰੋਧੀ ਹੋਰ ਇੰਕਾ ਆਗੂਆਂ ਦਾ ਆਧਾਰ ਖੋਰਨ ਦੀ ਖੇਡ ਆਰੰਭ ਦਿੱਤੀ। ਕੁਲ ਮਿਲਾ ਕੇ ਕਾਂਗਰਸ ਆਈ ਦੀ ਅੰਦਰੂਨੀ ਫੁਟ ਵਧ ਗਈ ਅਤੇ ਸਮੁੱਚੇ ਤੌਰ ਤੇ ਕਾਂਗਰਸ ਆਈ ਦੇ ਆਧਾਰ ਨੂੰ ਨੁਕਸਾਨ ਪਹੁੰਚਾ। ਚੋਣਾਂ ਵਿਚ ਭਾਵੇਂ ਭਜਨ ਲਾਲ ਸ੍ਰੀ ਬੰਸੀ ਲਾਲ ਨਾਲ ਮਿਲ ਕੇ ਚੋਣ ਸਭਾਵਾਂ ਨੂੰ ਸੰਬੋਧਨ ਕਰਦੇ ਰਹੇ ਪਰ ਅੰਦਰੋ ਅੰਦਰੀ ਉਹ ਬੰਸੀ ਲਾਲ ਅਤੇ ਉਨ੍ਹਾਂ ਦੇ ਹਮਾਇਤੀਆਂ ਦੇ ਵਿਰੁੱਧ ਹੀ ਸਨ। ਇਹ ਵੀ ਕਿਹਾ ਜਾਂਦਾ ਸੀ ਕਿ ਉਨ੍ਹਾਂ ਨੇ ਚੋਣਾਂ ਤੋਂ ਪਹਿਲਾਂ ਹਰਦੁਆਰੀ ਲਾਲ ਆਦਿ ਆਪਣੇ ਕੁਝ ਸਾਥੀ ਲੋਕ ਦਲ ਵਿਚ ਭੇਜ ਦਿਤੇ ਤੇ ਉਹ ਲੋਕ ਦਲ ਦੀਆਂ ਟਿਕਟਾਂ ਤੇ ਚੋਣ ਲੜ ਰਹੇ ਸਨ। ਇਹ ਵੀ ਕਿਹਾ ਜਾਂਦਾ ਸੀ ਕਿ ਚੋਣਾਂ ਭਾਵੇਂ ਬੰਸੀ ਲਾਲ ਦੀ ਅਗਵਾਈ 'ਚ ਇੰਕਾ ਜਿੱਤ ਜਾਏ ਪਰ ਮੁਖ ਮੰਤਰੀ ਭਜਨ ਲਾਲ ਹੀ ਬਣਨਗੇ। ਇਸ ਤੋਂ ਇਲਾਵਾ ਬਾਗੀ ਕਾਂਗਰਸੀ ਆਜ਼ਾਦ ਉਮੀਦਵਾਰਾਂ ਵਜੋਂ ਲੋਕ ਦਲ ਦੇ ਬਾਗੀਆਂ ਨਾਲੋਂ ਵਧੇਰੇ ਗਿਣਤੀ 'ਚ ਚੋਣ ਮੈਦਾਨ ਵਿਚ ਸਨ। ਕਾਂਗਰਸ ਆਈ ਦੇ ਸਥਾਨਕ ਲੀਡਰਾਂ ਵਿਚ ਫੁਟ ਬਹੁਤ ਗਹਿਰੀ ਸੀ। ਉਹ ਉਪਰੋਂ ਇਕੱਠੇ ਰਹੇ ਵਿਚੋਂ ਇਕ ਦੂਜੇ ਦੀਆਂ ਲੱਤਾਂ ਖਿਚ ਰਹੇ ਸਨ।

ਬੰਸੀ ਲਾਲ ਦਾ ਸਖਤ ਸੁਭਾਅ ਕਾਂਗਰਸ ਆਈ ਦੀ ਹਾਰ ਲਈ ਇਕ ਹੋਰ ਕਾਰਨ ਸੀ। ਬੰਸੀ ਲਾਲ ਵੱਲੋਂ ਐਮਰਜੈਂਸੀ ਦੌਰਾਨ, ਆਮ ਲੋਕਾਂ, ਅਫਸਰਾਂ ਅਤੇ ਸਿਆਸਤਦਾਨਾਂ ਨਾਲ ਕੀਤੀਆਂ ਗਈਆਂ ਜ਼ਿਆਦਤੀਆਂ ਨੂੰ ਹਰਿਆਣੇ ਦੇ ਲੋਕ ਅਜੇ ਭੁੱਲੇ ਨਹੀਂ ਸਨ। ਲੋਕ ਦਲ (ਬਹੁਗੁਣਾ)-ਬੀ ਜੇ ਪੀ ਗਠਜੋੜ ਨੇ ਇਹ ਜ਼ਿਆਦਤੀਆਂ ਮੁੜ ਲੋਕਾਂ ਵਿਚ ਤਾਜ਼ਾ ਕਰ ਦਿੱਤੀਆਂ। ਬੰਸੀ ਲਾਲ ਨੇ ਹਰਿਆਣੇ ਵਿਚ ਮੁੜ ਕੇ ਆਉਣ ਤੋਂ ਬਾਅਦ ਫਿਰ ਇਨ੍ਹਾਂ ਲੀਹਾਂ ਤੇ ਹੀ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। ਅੰਨ੍ਹੇਵਾਹ ਬਦਲੀਆਂ ਕਰਕੇ ਅਤੇ ਹੋਰ ਕਈ ਢੰਗਾਂ ਨਾਲ ਸਰਕਾਰੀ ਮੁਲਾਜ਼ਮਾਂ ਵਿਚ ਉਨ੍ਹਾਂ ਨੇ ਨਾ ਸਿਰਫ ਨਾਰਾਜ਼ਗੀ ਪੈਦਾ ਕੀਤੀ ਸਗੋਂ ਇਹ ਡਰ ਵੀ ਪੈਦਾ ਕਰ ਦਿੱਤਾ ਕਿ ਜੇਕਰ ਉਹ ਮੁੜ ਸੱਤਾ ਵਿਚ ਆ ਗਿਆ ਤਾਂ ਹਰਿਆਣੇ ਵਿਚ ਮੁੜ ਜ਼ਿਆਦਤੀਆਂ ਹੋਣਗੀਆਂ। ਬੰਸੀ ਲਾਲ ਪ੍ਰੈਸ ਨੂੰ ਵੀ ਵਿਸ਼ਵਾਸ ਵਿਚ ਨਹੀਂ ਲੈ ਸਕੇ।

ਉਪਰੋਕਤ ਸਾਰੇ ਕਾਰਨਾਂ ਨੇ ਕਾਂਗਰਸ ਆਈ ਨੂੰ ਹਰਾਉਣ ਲਈ ਆਪਣਾ ਹਿਸਾ ਪਾਇਆ ਪਰ ਕਾਂਗਰਸ ਆਈ ਦੇ ਹਾਰਨ ਦਾ ਮੁਖ ਕਾਰਨ ਸ਼ਾਇਦ ਦੇਸ਼ ਭਰ ਵਿਚ ਪੈਦਾ ਹੋਇਆ ਰਾਜੀਵ ਅਤੇ ਕਾਂਗਰਸ ਆਈ ਦੀਆਂ ਮੌਕਾਪ੍ਰਸਤ ਨੀਤੀਆਂ ਵਿਰੋਧੀ ਰਾਜਨੀਤਕ ਮਾਹੌਲ ਹੈ। ਰਾਜੀਵ ਗਾਂਧੀ ਸੱਤਾ ਵਿਚ ਆਉਣ ਤੋਂ ਬਾਅਦ, ਵਿਦੇਸ਼ੀ ਤੇ ਅੰਦਰੂਨੀ ਸਭ ਫਰੰਟਾਂ ਤੇ ਕੋਈ ਸ਼ਲਾਘਾਯੋਗ ਪ੍ਰਾਪਤੀਆਂ ਨਹੀਂ ਕਰ ਸਕੇ। ਲੋਕਾਂ ਵਿਚ ਇਹ ਰਾਇ ਪੈਦਾ ਹੋ ਗਈ ਹੈ ਕਿ ਰਾਜੀਵ ਸਿਆਸੀ ਤੌਰ ਤੇ ਅਨਾੜੀ ਹਨ ਅਤੇ ਉਨ੍ਹਾਂ ਕੋਲ ਦੇਸ਼ ਦੀ ਅਗਵਾਈ ਕਰਨ ਦੀ ਸਮਰਥਾ ਨਹੀਂ ਹੈ। ਸਗੋਂ ਉਹ ਮਸਲੇ ਉਲਝਾ ਰਹੇ ਹਨ।

ਦੇਸ਼ ਦੇ ਰਾਜਨੀਤਕ ਹਲਕਿਆਂ ਵਿਚ ਦੂਜਾ ਜਿਹੜਾ ਮਹੱਤਵਪੂਰਨ ਸੁਆਲ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ ਉਹ ਇਹ ਹੈ ਕਿ ਇਨ੍ਹਾਂ ਚੋਣ ਨਤੀਜਿਆਂ ਦੇ ਕੌਮੀ ਰਾਜਨੀਤੀ ਤੇ ਕੀ ਪ੍ਰਭਾਵ ਪੈਣਗੇ? ਸਾਡੀ ਸਮਝ ਅਨੁਸਾਰ ਕੌਮੀ ਰਾਜਨੀਤੀ ਤੇ ਇਨ੍ਹਾਂ ਦੇ ਪ੍ਰਭਾਵ ਕੁਝ ਇਸ ਤਰ੍ਹਾਂ ਹੋਣਗੇ :

- ਕਾਂਗਰਸ ਆਈ ਦਾ ਅੰਦਰੂਨੀ ਸੰਕਟ ਵਧੇਗਾ।
- ਵਿਰੋਧੀ ਪਾਰਟੀਆਂ ਨੂੰ ਨਵਾਂ ਉਤਸ਼ਾਹ ਮਿਲੇਗਾ।
- ਪੰਜਾਬ ਸਮੱਸਿਆ ਦਾ ਹੱਲ ਕੱਢਣਾ ਹੋਰ ਵੀ ਔਖਾ ਹੋ ਜਾਏਗਾ।

ਸਾਡੇ ਦੇਸ਼ ਵਿਚ ਅਜੇ ਵੀ ਕਿਸੇ ਪਾਰਟੀ ਦੀਆਂ ਰਾਜਨੀਤਕ ਨੀਤੀਆਂ ਨਾਲੋਂ ਉਸ ਪਾਰਟੀ ਦੇ ਨੇਤਾ ਦੀ ਸ਼ਖਸੀਅਤ ਦਾ ਵੋਟਰਾਂ ਤੇ ਵਧੇਰੇ ਪ੍ਰਭਾਵ ਪੈਂਦਾ ਹੈ। ਭਾਵੇਂ ਕਿ ਇਸ ਸਥਿਤੀ ਵਿਚ ਹੁਣ ਪਹਿਲਾਂ ਨਾਲੋਂ ਕੁਝ ਫਰਕ ਪਿਆ ਹੈ। ਪਰ ਫਿਰ ਵੀ ਇਹ ਇਕ ਪ੍ਰਭਾਵਸ਼ਾਲੀ ਤੱਥ ਹੈ। 1984 ਵਿਚ ਰਾਜੀਵ ਗਾਂਧੀ ਨੂੰ ਨਹਿਰੂ ਖਾਨਦਾਨ ਨਾਲ ਸਬੰਧਤ ਹੋਣ ਅਤੇ ਸ੍ਰੀਮਤੀ ਇੰਦਰਾ ਗਾਂਧੀ ਦਾ ਲੜਕਾ ਹੋਣ ਕਰਕੇ ਹੀ ਪ੍ਰਧਾਨ ਮੰਤਰੀ ਬਣਾਇਆ ਗਿਆ ਸੀ। ਪਿਛੋਂ 1984 ਦੀਆਂ ਲੋਕ ਸਭਾ ਚੋਣਾਂ ਸਮੇਂ ਸ੍ਰੀਮਤੀ ਇੰਦਰਾ ਗਾਂਧੀ ਦੇ ਕਤਲ ਕਾਰਨ ਰਾਜੀਵ ਨਾਲ ਪੈਦਾ ਹੋਈ ਹਮਦਰਦੀ ਕਾਰਨ ਅਤੇ ਰਾਜੀਵ ਵੱਲੋਂ ਸਿੱਖਾਂ ਨੂੰ ਇਕ ਹਊਏ ਵਜੋਂ ਪੇਸ਼ ਕਰਨ ਕਰਕੇ ਕਾਂਗਰਸ ਆਈ ਨੂੰ ਵੋਟਾਂ ਮਿਲੀਆਂ ਸਨ। ਪਰ ਹੁਣ ਹਮਦਰਦੀ ਦੀ ਲਹਿਰ ਕਦੋਂ ਦੀ ਸਮਾਪਤ ਹੋ ਚੁਕੀ ਹੈ। ਲੋਕ ਦੇਸ਼ ਨੂੰ ਦਰਪੇਸ਼ ਮਸਲਿਆਂ ਦਾ ਹੱਲ ਚਾਹੁੰਦੇ ਹਨ ਤੇ ਸੁਚੱਜੀ ਅਗਵਾਈ ਚਾਹੁੰਦੇ ਹਨ। ਪਰ ਸ੍ਰੀ ਰਾਜੀਵ ਦੀ ਪ੍ਰਧਾਨ ਮੰਤਰੀ ਵਜੋਂ ਢਾਈ ਸਾਲ ਦੀ ਕਾਰਗੁਜ਼ਾਰੀ ਅਤੇ ਉਨ੍ਹਾਂ ਦੀ ਅਗਵਾਈ ਵਿਚ ਕਾਂਗਰਸ ਆਈ ਪਾਰਟੀ ਨੂੰ ਹੋ ਰਹੀਆਂ ਲਗਾਤਾਰ ਚੋਣ ਹਾਰਾਂ ਨੇ ਸਾਬਤ ਕਰ ਦਿੱਤਾ ਹੈ ਕਿ ਨਾ ਤਾਂ ਉਹ ਸਿਆਣੇ ਸਿਆਸਤਦਾਨ ਹਨ ਅਤੇ ਨਾ ਹੀ ਉਨ੍ਹਾਂ ਵਿਚ ਹੁਣ ਪਾਰਟੀ ਲਈ ਵੋਟਾਂ ਖਿਚ ਸਕਣ ਦੀ ਸਮਰਥਾ ਹੈ। ਸ੍ਰੀਮਤੀ ਇੰਦਰਾ ਗਾਂਧੀ ਨੇ ਇਕ ਵਾਰ ਖੁਦ ਆਖਿਆ ਸੀ ਕਿ ਜੇਕਰ ਉਨ੍ਹਾਂ ਕੋਲ ਕਾਂਗਰਸ ਲਈ ਵੋਟਾਂ ਖਿਚਣ ਦੀ ਸਮਰਥਾ ਨਾ ਹੋਵੇ ਤਾਂ ਪਾਰਟੀ ਉਨ੍ਹਾਂ ਨੂੰ ਚੁੱਕ ਕੇ ਲਾਂਭੇ ਸੁੱਟ ਦੇਵੇਗੀ। ਇਨ੍ਹਾਂ ਚੋਣ ਨਤੀਜਿਆਂ ਤੋਂ ਬਾਅਦ ਕਾਂਗਰਸ ਦੇ ਅੰਦਰ ਨਿਰਾਸ਼ ਕਾਂਗਰਸੀਆਂ ਦੀ ਨਾ ਸਿਰਫ ਗਿਣਤੀ ਵਧੇਗੀ ਸਗੋਂ ਉਨ੍ਹਾਂ ਵੱਲੋਂ ਰਾਜੀਵ ਨੂੰ ਅਤੇ ਉਨ੍ਹਾਂ ਦੇ ਕੰਪਿਊਟਰੀ ਸਾਥੀਆਂ ਨੂੰ ਲੀਡਰਸ਼ਿਪ ਤੋਂ ਲਾਂਭੇ ਕਰਨ ਲਈ ਸਰਗਰਮੀਆਂ ਵੀ ਵਧ ਜਾਣਗੀਆਂ। ਜੇਕਰ ਲੀਡਰਸ਼ਿਪ ਬਦਲਣ ਵਿਚ ਇਨ੍ਹਾਂ ਲੋਕਾਂ ਨੂੰ ਸਫਲਤਾ ਨਾ ਮਿਲੀ ਤਾਂ ਪਾਰਟੀ ਇਕ ਹੋਰ ਦੋਫਾੜ ਵੱਲ ਵਧ ਸਕਦੀ ਹੈ ਪਰ ਇਸ ਲਈ ਅਜੇ ਸਮਾਂ ਲੱਗੇਗਾ। ਫੌਰੀ ਤੌਰ ਤੇ ਅਜਿਹੀ ਨੌਬਤ ਨਹੀਂ ਆਏਗੀ। ਵਿਸਫੋਟਕ ਸਥਿਤੀ ਪੈਦਾ ਹੋਣ ਵਿਚ ਅਜੇ ਦੇਰ ਹੈ।

ਵਿਰੋਧੀ ਪਾਰਟੀਆਂ ਨੂੰ ਇਨ੍ਹਾਂ ਚੋਣਾਂ ਨਾਲ ਨਵਾਂ ਹੁਲਾਰਾ ਮਿਲੇਗਾ ਕਮਿਊਨਿਸਟ ਪਾਰਟੀਆਂ ਜਿਹੜੀਆਂ ਕਿ ਕਾਂਗਰਸ ਆਈ ਤੋਂ ਇਲਾਵਾ ਦੂਜੀਆਂ ਪਾਰਟੀਆਂ ਨੂੰ ਵਧੇਰੇ ਪਿਛਾਂਹ-ਖਿਚੂ ਸਮਝਦੀਆਂ ਹਨ ਅਤੇ ਉਦੋਂ ਤੱਕ ਕਾਂਗਰਸ ਨੂੰ ਸਤਾ 'ਚ ਬਣੀ ਰਹਿਣ ਦੇਣਾ ਚਾਹੁੰਦੀਆਂ ਹਨ ਜਦੋਂ ਤਕ ਕਿ ਉਹ ਖੁਦ ਖੱਬਾ ਤੇ ਜਮਹੂਰੀ ਬਦਲ ਤਿਆਰ ਨਹੀਂ ਕਰ ਲੈਂਦੀਆਂ, ਨੂੰ ਸ਼ਾਇਦ ਹੁਣ ਸੱਜਾ ਬਦਲ ਉਭਰਨ ਤੋਂ ਰੋਕਣ ਵਿਚ ਸਫਲਤਾ ਨਾ ਮਿਲੇ। ਐਨ. ਟੀ. ਰਾਮਾਰਾਓ ਦੀ ਤੇਲਗੂ ਦੇਸਮ ਅਤੇ ਐਚ. ਐਨ. ਬਹੁਗੁਣਾ ਦੇ ਲੋਕ ਦਲ ਵੱਲੋਂ ਜਨਤਾ ਪਾਰਟੀ ਅਤੇ ਕੁਝ ਹੋਰ ਖੇਤਰੀ ਤੇ ਕੌਮੀ ਪਾਰਟੀਆਂ ਨੂੰ ਨਾਲ ਮਿਲਾ ਕੇ ਇੰਕਾ ਦਾ ਬਦਲ ਪੇਸ਼ ਕਰਨ ਲਈ ਯਤਨ ਕੀਤੇ ਜਾਣਗੇ। ਇਹ ਵੀ ਸੰਭਵ ਹੈ ਕਿ ਭ੍ਰਿਸ਼ਟਾਚਾਰ ਦੇ ਸਾਹਮਣੇ ਆਏ ਸਕੈਂਡਲਾਂ ਨੂੰ ਆਧਾਰ ਬਣਾ ਕੇ ਇਹ ਵਿਰੋਧੀ ਪਾਰਟੀਆਂ ਕਾਂਗਰਸ ਆਈ ਵਿਰੁੱਧ ਦੇਸ਼ ਵਿਆਪੀ ਅੰਦੋਲਨ ਆਰੰਭ ਕਰ ਦੇਣ। ਦੂਜੇ ਪਾਸੇ ਕਮਿਊਨਿਸਟ ਪਾਰਟੀਆਂ ਦਾ ਯਤਨ ਇਹ ਹੋਵੇਗਾ ਕਿ ਕਾਂਗਰਸ ਆਈ ਦਾ ਬਦਲ ਖੱਬੇ ਪੱਖੀ ਹੋਵੇ ਸੱਜੇ ਪੱਖੀ ਨਾ ਹੋਵੇ। ਇਹ ਵੀ ਸੰਭਵ ਹੈ ਕਿ ਕਮਿਊਨਿਸਟ ਪਾਰਟੀਆਂ ਕੁਝ ਪਾਰਟੀਆਂ ਨੂੰ ਨਾਲ ਲੈ ਕੇ ਸਾਂਝੇ ਮਸਲਿਆਂ ਤੇ ਘਟੋ ਘੱਟ ਸਹਿਮਤੀ ਵਾਲਾ ਪਰੋਗਰਾਮ ਬਣਾ ਕੇ ਅੰਦੋਲਨ ਕਰਨ ਲਈ ਅਗੇ ਆਉਣ ਤਾਂ ਜੋ ਸੱਜੇ ਪੱਖੀ ਪਾਰਟੀਆਂ ਅਗੇ ਨਾ ਆ ਸਕਣ। ਕਾਂਗਰਸ ਆਈ ਦਾ ਬਦਲ ਸੱਜੇ ਪੱਖੀ ਬਣਦਾ ਹੈ ਜਾਂ ਖੱਬੇ ਪੱਖੀ ਬਣਦਾ ਹੈ ਇਹ ਤਾਂ ਸਮਾਂ ਹੀ ਦੱਸੇਗਾ ਪਰ ਹਰਿਆਣੇ ਦੀਆਂ ਚੋਣਾਂ ਤੋਂ ਬਾਅਦ ਵਿਰੋਧੀ ਪਾਰਟੀਆਂ ਵਲੋਂ ਬਦਲ ਪੇਸ਼ ਕਰਨ ਲਈ ਯਤਨ ਜ਼ਰੂਰ ਕੀਤੇ ਜਾਣਗੇ। ਕਿਉਂਕਿ ਚੋਣਾਂ ਨੇ ਸਿੱਧ ਕੀਤਾ ਹੈ ਕਿ ਦੇਸ਼ ਦੇ ਲੋਕਾਂ ਖਾਸ ਕਰਕੇ ਹਿੰਦੀ ਖੇਤਰ ਜਿਹੜਾ ਕਿ ਕਾਂਗਰਸ ਦਾ ਗੜ੍ਹ ਸਮਝਿਆ ਜਾਂਦਾ ਹੈ, ਵਿਚ ਵੀ ਕਾਂਗਰਸ ਆਈ ਵਿਰੁੱਧ ਰੋਸ ਪਾਇਆ ਜਾ ਰਿਹਾ ਹੈ।

ਜਿੱਥੋਂ ਤੱਕ ਪੰਜਾਬ ਸਮਝੌਤੇ ਦਾ ਸਬੰਧ ਹੈ ਹਰਿਆਣੇ ਵਿਚ ਵਿਰੋਧੀ ਪਾਰਟੀ ਲੋਕ ਦਲ (ਬਹੁਗੁਣਾ) ਦੀ ਸਰਕਾਰ ਬਣਨ ਤੋਂ ਬਾਅਦ ਇਸ ਨੂੰ ਲਾਗੂ ਕਰਨਾ ਹੋਰ ਵੀ ਔਖਾ ਹੋ ਜਾਵੇਗਾ। ਕਿਉਂਕਿ ਸ੍ਰੀ ਦੇਵੀ ਲਾਲ ਇਸ ਸਮਝੌਤੇ ਵਿਰੁਧ ਸੰਘਰਸ਼ ਕਰਕੇ ਹੀ ਸੱਤਾ ਵਿਚ ਆਏ ਹਨ। ਪਹਿਲਾਂ ਹਰਿਆਣੇ 'ਚ ਸ੍ਰੀ ਭਜਨ ਲਾਲ ਦੀ ਅਗਵਾਈ 'ਚ ਇੰਕਾ ਦੀ ਸਰਕਾਰ ਸੀ ਉਸ ਸਮੇਂ ਵੀ ਕੇਂਦਰ ਦੀ ਇੰਕਾ ਸਰਕਾਰ ਪੰਜਾਬ ਸਮਝੌਤਾ ਲਾਗੂ ਕਰਨ ਦੀ ਜ਼ੁਰਅਤ ਨਹੀਂ ਕਰ ਸਕੀ ਹੁਣ ਉਸ ਲਈ ਅਜਿਹਾ ਕਰਨਾ ਹੋਰ ਵੀ ਮੁਸ਼ਕਲ ਹੋ ਗਿਆ ਹੈ। ਦੂਜੇ ਪਾਸੇ ਪੰਜਾਬ ਵਿਚ ਹਰਿਆਣੇ ਦੀਆਂ ਚੋਣਾਂ ਜਿੱਤਣ ਲਈ ਬਰਨਾਲਾ ਸਰਕਾਰ ਤੋੜ ਦਿੱਤੀ ਗਈ ਅਤੇ ਸੁਸ਼ੀਲ ਮੁਨੀ ਦੁਆਰਾ ਸਿੰਘ ਸਾਹਿਬ ਪ੍ਰੋ: ਦਰਸ਼ਨ ਸਿੰਘ ਨਾਲ ਗੱਲਬਾਤ ਆਰੰਭ ਕਰਕੇ ਪੰਜਾਬ 'ਚ ਖਾੜਕੂਆਂ ਨੂੰ ਜੰਗਬੰਦੀ ਕਰਨ ਲਈ ਪ੍ਰੇਰਨ ਦਾ ਯਤਨ ਕੀਤਾ ਗਿਆ ਸੀ। ਇਸ ਤੋਂ ਇਲਾਵਾ ਸੰਯੁਕਤ ਅਕਾਲੀ ਦਲ ਅਤੇ ਲੌਂਗੋਵਾਲ ਅਕਾਲੀ ਦਲ ਨੂੰ ਵੱਖਰੀ ਵੱਖਰੀ ਤਰ੍ਹਾਂ ਦੇ ਲਾਰੇ ਦੇ ਕੇ ਹਰਿਆਣੇ ਦੀਆਂ ਚੋਣਾਂ 'ਚ ਸਿੱਖਾਂ ਦੀਆਂ ਵੋਟਾਂ ਹਾਸਲ ਕਰਨ 'ਚ ਉਨ੍ਹਾਂ ਦੀ ਅਸਿਧੇ ਤੌਰ ਤੇ ਸਹਾਇਤਾ ਲੈਣ ਦੇ ਯਤਨ ਕੀਤੇ ਗਏ ਸਨ। ਦੂਜੇ ਪਾਸੇ ਪੁਲਸ ਮੁਖੀ ਰਿਬੇਰੋ ਨੂੰ ਇਹ ਕਿਹਾ ਗਿਆ ਸੀ ਕਿ ਉਹ ਖਾੜਕੂਆਂ ਵਿਰੁਧ ਸਖਤੀ ਨਾਲ ਮੁਹਿਮ ਜਾਰੀ ਰਖੇ ਤਾਂ ਜੋ ਹਰਿਆਣੇ ਦੇ ਵੋਟਰਾਂ ਤੇ ਇਸ ਦਾ ਪ੍ਰਭਾਵ ਪੈ ਸਕੇ। ਪਰ ਕੇਂਦਰ ਦੀ ਇਹ ਦਿਵਾਲੀਆ ਤੇ ਸਵੈ ਵਿਰੋਧੀ ਨੀਤੀ ਪੂਰੀ ਤਰ੍ਹਾਂ ਫੇਲ ਰਹੀ। ਇਕ ਪਾਸੇ ਸੁਸ਼ੀਲ ਮੁਨੀ ਸਾਰੇ ਨਜ਼ਰਬੰਦ ਸਿੱਖਾਂ ਨੂੰ ਰਿਹਾਅ ਕਰਨ ਤੇ ਰਹਿੰਦੇ ਫੌਜੀਆਂ ਨੂੰ ਬਹਾਲ ਕਰਨ ਤੇ ਕੇਸ ਵਾਪਸ ਲੈਣ ਦੇ ਭਰੋਸੇ ਦਿੰਦੇ ਰਹੇ ਦੂਜੇ ਪਾਸੇ ਪੰਜਾਬ ਸਰਕਾਰ ਸਖਤੀ ਕਰਦੀ ਰਹੀ ਜਿਸ ਨਾਲ ਖਾੜਕੂਆਂ ਦਾ ਕੇਂਦਰ ਤੋਂ ਰਹਿੰਦਾ ਖੂੰਹਦਾ ਵਿਸ਼ਵਾਸ ਵੀ ਖਤਮ ਹੋ ਗਿਆ ਤੇ ਉਨ੍ਹਾਂ ਨੇ ਪ੍ਰੋ: ਦਰਸ਼ਨ ਸਿੰਘ ਨੂੰ ਅੱਗੋਂ ਗੱਲਬਾਤ ਨਾ ਕਰਨ ਲਈ ਆਖ ਦਿੱਤਾ। ਦੂਜੇ ਪਾਸੇ ਬਰਨਾਲਾ ਸਰਕਾਰ ਤੋੜਨ ਤੋਂ ਬਾਅਦ ਕੇਂਦਰ ਦੀਆਂ ਗਲਤ ਨੀਤੀਆਂ ਕਾਰਨ ਕੇਂਦਰੀ ਸਰਕਾਰ ਤੋਂ ਅਲੱਗ-ਥਲੱਗ ਹੋਏ ਸਿਖ ਫਿਰਕੇ ਦੀ ਮਾੜੀ ਮੋਟੀ ਤੰਦ ਵੀ ਕੇਂਦਰ ਦੇ ਹੱਥ ਵਿਚ ਨਹੀਂ ਰਹੀ ਜਿਸ ਨੂੰ ਫੜ ਕੇ ਸਿਖ ਭਾਈਚਾਰੇ ਨਾਲ ਰਾਬਤਾ ਕਾਇਮ ਰੱਖਿਆ ਜਾ ਸਕੇ। ਜੇਕਰ ਹੁਣ ਬਰਨਾਲਾ ਗਰੁੱਪ ਨੂੰ ਮੁੜ ਅੱਗੇ ਲਿਆਂਦਾ ਗਿਆ ਤਾਂ ਉਸ ਦਾ ਉਨਾ ਵਕਾਰ ਵੀ ਨਹੀਂ ਰਹੇਗਾ ਜਿੰਨਾ ਕਿ ਪਹਿਲਾਂ ਸੀ। ਕੇਂਦਰ ਨੇ ਪੰਜਾਬ ਵਿਚ ਵੀ ਤਨਾਅ ਵਧਾ ਲਿਆ ਅਤੇ ਉਸ ਨੂੰ ਹਰਿਆਣਾ ਵਿਚ ਕੋਈ ਲਾਭ ਵੀ ਨਹੀਂ ਹੋ ਸਕਿਆ।

ਇਨ੍ਹਾਂ ਚੋਣਾਂ ਤੋਂ ਬਾਅਦ ਕਾਂਗਰਸ ਆਈ ਕੋਲ ਆਖਰੀ ਮੌਕਾ ਹੈ ਕਿ ਉਹ ਦੇਸ਼ ਦੀਆਂ ਸਮੱਸਿਆਵਾਂ ਪ੍ਰਤੀ ਸੰਜੀਦਾ ਨੀਤੀ ਧਾਰਨ ਕਰੇ। ਸਹੀ ਅਸੂਲਾਂ ਦੇ ਆਧਾਰ ਤੇ ਉਲਝੀਆਂ ਸਮੱਸਿਆਵਾਂ ਦੇ ਸਥਾਈ ਹੱਲ ਲੱਭਣ ਦਾ ਯਤਨ ਕਰੇ। ਸਮੱਸਿਆਵਾਂ ਨੂੰ ਲਟਕਾ ਕੇ ਉਨ੍ਹਾਂ ਤੋਂ ਲਾਭ ਲੈਣ ਦਾ ਯਤਨ ਨਾ ਕਰੇ, ਕਿਉਂਕਿ ਇਹੋ ਜਿਹੀ ਨੀਤੀ ਨਾਲ ਦੇਸ਼ 'ਚ ਫਿਰਕੂ ਟਕਰਾਓ ਵਧਦੇ ਹਨ। ਕਾਂਗਰਸ ਆਈ ਲਈ ਖਤਰੇ ਦੀ ਘੰਟੀ ਇਹ ਹੈ ਕਿ ਹੁਣ ਲੋਕ ਉਸਦੀਆਂ ਇਹੋ ਜਿਹੀਆਂ ਨੀਤੀਆਂ ਨੂੰ ਚੰਗੀ ਤਰ੍ਹਾਂ ਸਮਝਣ ਲੱਗ ਪਏ ਹਨ। ਹੁਣ ਵੀ ਜੇਕਰ ਕਾਂਗਰਸੀ ਲੀਡਰਸ਼ਿਪ ਨੇ ਸਮਝਣ ਦਾ ਯਤਨ ਨਾ ਕੀਤਾ ਤਾਂ ਉਸ ਨੂੰ ਕੋਈ ਵੀ ਬਚਾਅ ਨਹੀਂ ਸਕੇਗਾ ਅਤੇ ਉਸਦਾ ਸੱਤਾ ਤੋਂ ਲਾਂਭੇ ਹੋ ਜਾਣਾ ਅਤੇ ਆਪਣੀ ਹੋਂਦ ਖਤਰੇ ਵਿਚ ਪਾ ਲੈਣਾ ਅਟੱਲ ਹੋਵੇਗਾ।

(ਪੰਨਾ 12 ਦੀ ਬਾਕੀ)

ਜੇ ਸਿਖ ਰੈਫਰੈਂਸ ਲਾਇਬਰੇਰੀ ਦੇ ਵਡਮੁਲੇ ਤੇ ਇਤਿਹਾਸਕ ਖਜ਼ਾਨੇ ਵਾਂਗ ਇਹ ਫਾਈਲਾਂ ਭੀ 'ਬਲਿਊ ਸਟਾਰ ਐਕਸ਼ਨ' ਦੀ ਭੇਟ ਚੜ੍ਹ ਗਈਆਂ ਹੋਣ ਤਾਂ ਸ਼ਰੋਮਣੀ ਕਮੇਟੀ ਨੂੰ ਤੁਰਤ ਹੀ ਵਿਦੇਸ਼ ਵਿਚਲੀਆਂ ਸਿਖ ਸੁਸਾਇਟੀਆਂ ਅਥਵਾ ਪੰਥਕ ਵਿਚਾਰਧਾਰਾ ਵਾਲੇ ਪ੍ਰਤਿਸ਼ਟ ਸਜਣਾਂ ਨਾਲ ਸੰਪਰਕ ਪੈਦਾ ਕਰ ਕੇ ਪ੍ਰੀਵੀ ਕੌਂਸਲ ਦੇ ਰੀਕਾਰਡ ਅਤੇ ਲਾਹੌਰ ਹਾਈਕੋਰਟ ਦੇ ਰੀਕਾਰਡ ਤੋਂ ਸਬੰਧਤ ਫੈਸਲਿਆਂ ਦੀਆਂ ਨਕਲਾਂ ਪ੍ਰਾਪਤ ਕਰਕੇ ਅਗਲੀ ਕਾਰਵਾਈ ਕਰਨੀ ਚਾਹੀਦੀ ਹੈ। ਜੇ ਯਤਨ ਕੀਤਾ ਜਾਵੇ ਤਾਂ ਸ਼ਰੋਮਣੀ ਕਮੇਟੀ ਵਿਦੇਸ਼ਾਂ ਤੋਂ ਭੀ ਕਾਨੂੰਨੀ ਮਾਹਿਰਾਂ ਦੀ ਸੇਵਾ ਪ੍ਰਾਪਤ ਕਰ ਕੇ ਪਾਕਿਸਤਾਨ ਵਿਚ ਚਲ ਰਿਹਾ ਮੁਕੱਦਮਾ ਲੜ ਸਕਦੀ ਹੈ। ਇਹ ਵੀ ਹੋ ਸਕਦਾ ਹੈ ਕਿ ਪੰਜਾਬ ਹਾਈਕੋਰਟ ਲਾਹੌਰ ਅਤੇ ਲੰਦਨ ਦੀ ਪ੍ਰੀਵੀ ਕੌਂਸਲ ਦੇ ਛਪੇ ਹੋਏ ਫੈਸਲੇ ਦਿੱਲੀ ਤੇ ਚੰਡੀਗੜ੍ਹ ਦੇ ਮਸ਼ਹੂਰ ਤੇ ਪੁਰਾਣੇ ਵਕੀਲਾਂ ਪਾਸੋਂ ਪ੍ਰਾਪਤ ਹੋ ਸਕਣ, ਇਸ ਲਈ ਸ਼ਰੋਮਣੀ ਕਮੇਟੀ ਯਤਨ ਕਰ ਕੇ ਹਾਸਲ ਕਰੇ ਅਤੇ ਆਪਣਾ ਰੀਕਾਰਡ ਮੁਕੰਮਲ ਕਰ ਕੇ ਚੁਗਤਾਈ ਦੇ ਕੇਸ ਦੀ ਪੈਰਵੀ ਕਰਨ ਦਾ ਉਪਰਾਲਾ ਕਰੇ।

ਆਸ ਕਰਦਾ ਹਾਂ ਕਿ ਸ਼ਰੋਮਣੀ ਕਮੇਟੀ ਇਨ੍ਹਾਂ ਮੁੱਦਿਆਂ ਤੇ ਯੋਗ ਵਿਚਾਰ ਕਰਕੇ ਤੁਰਤ ਹੀ ਅਮਲੀ ਕਾਰਵਾਈ ਕਰਨ ਦੀ ਕ੍ਰਿਪਾਲਤਾ ਕਰੇਗੀ। ਮੈਂ ਦਿੱਲੀ ਤੇ ਚੰਡੀਗੜ੍ਹ ਦੇ ਮਾਨਯੋਗ ਐਡਵੋਕੇਟਾਂ ਦੀ ਸੇਵਾ ਵਿਚ ਭੀ ਸਨਿਮਰ ਬੇਨਤੀ ਕਰਦਾ ਹਾਂ ਕਿ ਉਹ ਪੰਜਾਬ ਹਾਈਕੋਰਟ ਲਾਹੌਰ ਅਤੇ ਪ੍ਰੀਵੀ ਕੌਂਸਲ ਲੰਦਨ ਦੇ ਛਪੇ ਫੈਸਲਿਆਂ ਵਿਚੋਂ ਗੁ: ਸ਼ਹੀਦ ਗੰਜ ਸਬੰਧੀ ਹੋਏ ਫੈਸਲੇ ਭਾਲ ਕੇ ਸ਼ਰੋਮਣੀ ਕਮੇਟੀ ਨੂੰ ਭੇਜਣ ਦੀ ਖੇਚਲ ਕਰਨ ਤਾਂ ਜੋ ਇਸ ਸਿਖ ਧਰਮ ਅਸਥਾਨ ਨੂੰ ਮਸਜਿਦ ਬਨਾਣ ਤੋਂ ਬਚਾਇਆ ਜਾ ਸਕੇ।


# I CAN HELP

I'm an Investors professional financial planner. It's my job to help you create and follow a personal financial plan.

I can help with :

- Investment Funds
- Guaranteed Investment Certificates
- Registeres Retirement Savings Plans
- Estate Planning
- Life and Disability Insurance
- Annuities



**Hardial Sidhu (Dale)**

**Tel: Bus. 682-5431**

Investors SYNDICATE LIMITED

MAIN FL., 789 WEST PENDER STREET / VANCOUVER, B.C. V6C 1H2 TELEPHONE BUS. 682-5431

# ਮੈਂ ਤੁਹਾਡੀ ਮੱਦਦ ਕਰ ਸਕਦਾ ਹਾਂ

ਮੈਂ ਇਨਵੈਸਟਰਜ਼ ਦਾ ਪ੍ਰੋਫੈਸ਼ਨਲ ਫਾਈਨੈਂਨਸ਼ਲ ਪਲੈਨਰ ਹਾਂ। ਮੇਰਾ ਕੰਮ ਤੁਹਾਡੇ ਜ਼ਾਤੀ ਫਾਈਨੈਂਨਸ਼ਲ ਪਲੈਨ ਵਿਚ ਮੱਦਦ ਕਰਨਾ ਹੈ। ਮੈਂ ਤੁਹਾਨੂੰ ਇਨ੍ਹਾਂ ਬਾਰੇ ਸਲਾਹ ਦੇ ਸਕਦਾ ਹਾਂ!

- ਇਨਵੈਸਟਮੈਂਟ ਫੰਡਜ਼
- ਗਰੰਟੀਡ ਇਨਵੈਸਟਮੈਂਟ ਸਰਟੀਫੀਕੇਟ
- ਰਜਿਸਟਰਡ ਰੀਟਾਇਰਮੈਂਟ ਸੇਵਿੰਗਜ਼ ਪਲੈਨ
- ਇਸਟੇਟ ਪਲੈਨਿੰਗ
- ਜੀਵਨ ਬੀਮਾ ਤੇ ਦੁਰਘਟਨਾ ਬੀਮਾ
- ਐਨੀਉਟੀਜ਼

**ਹਰਦਿਆਲ ਸਿੱਧੂ (ਡੇਲ)**

**Res: 591-2697**

# The Manitoba Mirror

# ਮੈਨੀਟੋਬਾ ਦਰਪਣ


## Dino's at the New Location

### ਡੀਨੋਜ਼ ਨਵੀਂ ਥਾਂ ਉਤੇ

# DINO'S GROCERY MART

460 NOTRE DAME AVE. WINNIPEG, MAN. R3B 1R5

**Ph. 942-1526**

**ਵਿੰਨੀਪੈਗ ਦਾ ਸਭ ਤੋਂ ਵੱਡਾ ਭਾਰਤੀ ਗਰੌਸਰੀ ਸਟੋਰ**

ਜੋ ਹਫ਼ਤੇ ਦੇ ਸੱਤੇ ਦਿਨ ਖੁੱਲ੍ਹਾ ਰਹਿੰਦਾ ਹੈ

ਅਸੀਂ ਹੇਠ ਲਿਖੀਆਂ ਵਸਤਾਂ ਦੇ ਸਪੈਸ਼ਲਿਸਟ ਹਾਂ

- ਈਸਟ ਇੰਡੀਅਨ ਗਰੌਸਰੀ
- ਹਿੰਦੀ - ਪੰਜਾਬੀ - ਪਾਕਿਸਤਾਨੀ ਫਿਲਮਾਂ
- ਭਾਰਤੀ ਰੀਕਾਰਡ - ਕੈਸਟਾਂ ਤੇ ਭਾਂਡੇ
- ਤਾਜ਼ਾ ਸਬਜ਼ੀਆਂ
- ਤਾਜ਼ਾ ਬੱਕਰੇ ਦਾ ਮੀਟ
- ਗੁਰਦੁਆਰਿਆਂ, ਮੰਦਰਾਂ, ਵਿਆਹਾਂ, ਪਾਰਟੀਆਂ ਅਤੇ ਇਕੱਠੀ ਗਰੌਸਰੀ ਖ਼੍ਰੀਦਣ ਉਤੇ ਡਿਸਕਾਊਂਟ
- ਵਿੰਨੀਪੈਗ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਮੇਲ ਆਰਡਰ ਉਤੇ ਗਰੌਸਰੀ ਭੇਜੀ ਜਾਂਦੀ ਹੈ
- ਈਸਟ ਇੰਡੀਅਨ ਅਖ਼ਬਾਰ ਅਤੇ ਰਸਾਲੇ

**ਡੀਨੋਜ਼ ਉਤੇ ਇਕੋ ਸਮੇਂ ਸਾਰੀ ਸ਼ਾਪਿੰਗ ਕਰੋ! ਵਧੀਆ ਕੁਆਲਟੀ, ਘੱਟ ਕੀਮਤਾਂ, ਤੇਜ਼ੀ ਨਾਲ ਸਰਵਿਸ ਅਤੇ ਦੋਸਤਾਨਾ ਮਾਹੌਲ**

**ਡੀਨੋ ਦੇ ਸਟੋਰ ਉਤੇ "ਤੁਹਾਡੀ ਤਸੱਲੀ ਸਾਡਾ ਬਿਜ਼ਨਿਸ ਹੈ"**



AUTOPAC
PROTECTING MANITOBANS ON THE MOVE

# Dorion Insurance Agency

## ਡੋਰੀਅਨ ਇਨਸ਼ੋਰੈਂਸ ਏਜੰਸੀ

**ਤੁਹਾਡੀ ਆਪਣੀ ਕੌਮੀ ਇਨਸ਼ੋਰੈਂਸ ਏਜੰਸੀ**

ਹਰ ਪ੍ਰਕਾਰ ਦੀ ਇਨਸ਼ੋਰੈਂਸ ਕਰਵਾਉਣ ਲਈ



Kulwant S. Brar
Manager & Owner

Commissioner for oaths

ਜਿਵੇਂ ਕਿ :—

- ਆਪਣੇ ਮਕਾਨ
- ਵਿਉਪਾਰ
- ਕਾਰ ਤੇ ਟਰੱਕ
- ਜੀਵਨ ਬੀਮਾ
- ਕੰਮ ਸਮੇਂ ਸੱਟ ਲੱਗ ਜਾਣ ਤੇ ਜਾਂ ਬੀਮਾਰ ਹੋ ਜਾਣ ਤੇ।
- ਆਟੋ ਪੈਕ ਰੀਨੀਊ ਕਰਾਉਣ ਲਈ
- ਲਾਈਸੈਂਸ ਪਲੇਟਾ ਲੈਣ ਲਈ
- ਕਾਰ, ਟਰੱਕ, ਮੋਟਰ ਸਾਈਕਲਾਂ ਦੀ ਰਜਿਸਟਰੇਸ਼ਨ ਕਰਵਾਉਣ ਲਈ ਮਿਲੋ ਜਾਂ ਫ਼ੋਨ ਕਰੋ :

**ਕੁਲਵੰਤ ਸਿੰਘ ਬਰਾੜ     ਫੋਨ : 772-3301     775-1061**

509 ELLICE AVE. WINNIPEG, MAN.

## AJANTA TRAVELS

**ਮੈਨੀਟੋਬਾ ਵਿਚ ਹਵਾਈ ਜਹਾਜ਼ਾਂ ਦੀਆਂ ਟਿਕਟਾਂ ਲਈ ਅਜੰਤਾ ਟਰੈਵਲਜ਼ ਨੂੰ ਫੋਨ ਕਰੋ**



# Locations Realty Inc.

36, Roslyn Road, WINNIPEG, MAN. R3L 0G6



ਆਪਣਾ ਘਰ ਖ਼੍ਰੀਦਣ ਜਾਂ ਵੇਚਣ ਲਈ, ਕਮਰਸ਼ਲ, ਇੰਡਸਟਰੀਅਲ ਪ੍ਰਾਪਰਟੀ, ਜ਼ਮੀਨ ਜਾਂ ਹੋਰ ਰੀਅਲ ਇਸਟੇਟ ਸਬੰਧੀ ਪ੍ਰੋਫੈਸ਼ਨਲ ਰਾਇ ਲੈਣ ਲਈ ਵਿਨੀਪੈੱਗ ਵਿਚ ਤੁਹਾਡੀ ਸੇਵਾ ਲਈ ਹਾਜ਼ਰ ਹਨ

**ਪਾਲ ਬਾਹੀਆ**

ਪ੍ਰਾਪਰਟੀ ਬਾਰੇ ਜਾਣਕਾਰੀ ਲਈ ਫੋਨ ਕਰੋ :

**(204) 477-4600 (24 hrs.)**

**Res. 694-3550**

LOCATIONS
REALTY INC.

# The Manitoba Mirror

# ਮੈਨੀਟੋਬਾ ਦਰਪਣ


## V.I.P. SUPERMARKET

**Ph. 774-8671**

(ਨਵੇਂ ਪ੍ਰਬੰਧ ਹੇਠ)

ਸਟੇਨਲੈਸ ਸਟੀਲ ਦੇ ਬਰਤਨ ਖ੍ਰੀਦਣ ਲਈ ਸਭ ਤੋਂ ਵੱਡਾ ਗਰੌਸਰੀ ਸਟੋਰ

ਭਾਰਤੀ ਗਰੌਸਰੀ, ਤਾਜ਼ੀਆਂ ਸਬਜ਼ੀਆਂ, ਬੱਕਰੇ ਦਾ ਤਾਜ਼ਾ ਮੀਟ, ਨਵੇਂ ਗਾਣਿਆਂ ਦੀਆਂ ਟੇਪਾਂ ਖ੍ਰੀਦੋ

ਗੋਲਗੱਪੇ ਅਤੇ ਸਮੋਸਾ ਮੇਕਰ ਤੁਹਾਨੂੰ ਵੀ. ਆਈ. ਪੀ. ਸੁਪਰਮਾਰਕੀਟ ਤੋਂ ਹੀ ਮਿਲ ਸਕਦੇ ਹਨ

**V.I.P. SUPERMARKET**
739, Elice Ave. WINNIPEG, MAN.



ਵਿਨੀਪੈਗ ਸ਼ਹਿਰ ਵਿਚ ਨਵੇਂ ਨਵੇਂ ਫੈਸ਼ਨਾਂ ਅਤੇ ਡੀਜ਼ਾਈਨਾਂ ਦਾ ਇਕੋ ਇਕ ਸਟੋਰ ਜਿਥੇ ਤੁਹਾਨੂੰ ਹਰ ਸਮੇਂ ਮਿਲਦੇ ਹਨ :

- ਪੰਜਾਬੀ ਸੂਟ, ਇਕ ਪੀਸ, ਦੋ ਪੀਸ ਅਤੇ ਤਿੰਨ ਪੀਸ
- ਹਰ ਤਰ੍ਹਾਂ ਦੀਆਂ ਜਾਪਾਨੀ ਅਤੇ ਇੰਡੀਆਂ ਦੀਆਂ ਸਾੜ੍ਹੀਆਂ
- ਵਿਆਹ ਸ਼ਾਦੀਆਂ ਦਾ ਪੂਰਾ ਪੂਰਾ ਸਮਾਨ
- ਧਾਰਮਿਕ ਫੋਟੋਆਂ ਵੱਖ ਵੱਖ ਸਾਈਜ਼ਾਂ ਵਿਚ
- ਕਢਾਈ ਵਾਲੇ ਦੂੱਪਟੇ ਅਤੇ ਫੁਲਕਾਰੀ ਟਾਂਕੇ ਦੇ ਦੂਪੱਟੇ
- ਵਿਆਹ ਵਾਲੀਆਂ ਸਪੈਸ਼ਲ ਸਾੜ੍ਹੀਆਂ ਅਤੇ ਜਾਲ ਵਾਲੇ ਦੂਪੱਟੇ
- ਰੁਮਾਲਿਆਂ ਦੇ ਕੱਪੜੇ, ਗੋਟੇ ਕਨਾਰੀਆਂ ਚਿਕਨ ਦੇ ਦੂਪੱਟੇ ਆਦਿ

ਆਓ ਤੇ ਅਜ਼ਮਾ ਕੇ ਦੇਖੋ!



## BOMBAY FASHIONS

724 SARGENT AVE., WINNIPEG, MANITOBA R3E 0B2

**Prop. BALDEV S. BEDI** M.A.B.A. (Hons.)

## NORTH AMERICAN LIFE ASSURANCE CO.

**To Your Needs Which You Can Afford**

ਕੇਵਲ ਤਿੰਨ ਜਾਂ ਚਾਰ ਜਾਂ ਪੰਜ ਸਾਲਾਂ ਵਿਚ ਆਪਣੀ ਜ਼ਿੰਦਗੀ ਭਰ ਦੀ ਇਨਸ਼ੋਰੈਂਸ ਖ੍ਰੀਦਣ ਲਈ



**Sukhjinder S. Dhillon**
**Res: 669-2573**

ਰਾਜ ਸਿੰਘ ਮਾਨ
ਜਾਂ
ਸੁਖਜਿੰਦਰ ਸਿੰਘ ਢਿੱਲੋਂ
ਨੂੰ ਮਿਲੋ

● ਲਾਈਫ ਇਨਸ਼ੋਰੈਂਸ ● ਗਰੁੱਪ ਇਨਸ਼ੋਰੈਂਸ ● ਮਾਰਗੇਜ ਇੰਨਸ਼ੋਰੈਂਸ
● ਬੱਚਿਆਂ ਦੀ ਪੜ੍ਹਾਈ ਦੀ ਇੰਨਸ਼ੋਰੈਂਸ

■ Personal ■ Children's ■ Group ■ Annuities

**Ph. 943-1526**

1507 - 330 Portage Ave. WINNIPEG, MAN. R3C 0C4



**Raj Singh Maan** Sales Manager
**Res. 694-0731**
Commissioner for oaths



# ਸਾਹਿਤ ਤੇ ਕਲਾ



ਕਹਾਣੀ

## ਕਬਰਾਂ ਤੋਂ ਸਿਵਿਆਂ ਨੂੰ

ਰਘੁਬੀਰ ਢੰਡ

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

ਸਮਾਂ ਵੀ ਅਜੀਬ ਗਤੀ ਦਾ ਨਾਂ ਹੈ। ਆਪਣੇ ਸੁਭਾਉ ਅਨੁਸਾਰ ਗਤੀ ਵਿਚ ਤਾਂ ਰਹਿੰਦਾ ਹੀ ਹੈ। ਪਰ ਵੱਖ-ਵੱਖ ਬੰਦਿਆਂ ਲਈ ਇਸ ਦੀ ਗਤੀ ਤੇਜ਼ ਜਾਂ ਮੱਧਮ ਜ਼ਰੂਰ ਹੁੰਦੀ ਹੈ। ਤੀਰਥ ਤੇ ਬਚਨ ਲਈ ਸਮਾਂ ਜੰਮ ਕੇ ਖਲੋ ਗਿਆ ਸੀ। ਮਨ ਢੇਰੀ ਹੋ ਗਏ ਸਨ। ਐਤਕੀਂ ਸਿਆਲ ਵਿਚ ਤੀਰਥ ਤੋਂ ਬੋਰੀ ਨਹੀਂ ਚੁੱਕੀ ਗਈ, ਜਿਸਨੂੰ ਉਹ ਦੋ ਸਾਲਾਂ ਤੋਂ ਲਗਾਤਾਰ ਚੁੱਕਦਾ ਆਇਆ ਸੀ। ਕੌਡੀ ਖੇਡਦਿਆਂ ਬਚਨ ਤੋਂ ਹੁਣ ਪਹਿਲਾਂ ਵਰਗਾ ਗੁੱਟ ਨਹੀਂ ਸੀ ਫੜਿਆ ਜਾਂਦਾ। ਅਗੇ ਕੱਸੀ ਦਾ ਪਾਣੀ ਲਾਉਂਦਿਆਂ ਜਦੋਂ ਉਹ ਟਿਕੀ ਰਾਤ ਵਿਚ ਹੀਰ ਦੀ ਕਲੀ ਚੁੱਕਦੇ ਤਾਂ ਰੋਝਾਂ ਦੀਆਂ ਡਾਰਾਂ ਬਿਨਾਂ ਖੇਤ ਉਜਾੜੇ ਮਲਕੜੇ ਲੰਘ ਜਾਂਦੀਆਂ। ਪਰ ਹੁਣ ਨਾ ਤੀਰਥ ਤੋਂ ਮੂਹਰੇ ਲੱਗਿਆ ਜਾਂਦਾ, ਨਾ ਪਿੱਛੇ। ਇਹੀ ਹਾਲ ਬਚਨ ਦਾ ਸੀ। ਬੋਲ ਪਾਟ-ਪਾਟ ਜਾਂਦੇ ਸਨ। ਮੜ੍ਹੀਆਂ ਕੋਲ ਦੀ ਲੰਘਦੇ ਤਾਂ ਅੱਖਾਂ ਪੂੰਝ ਪੂੰਝ ਪੱਗਾਂ-ਮੁਕਿਆਂ ਦੇ ਲੜ ਗਿੱਲੇ ਹੋ ਹੋ ਜਾਂਦੇ।

— ਤੀਰਥਾ, ਭੈਣ ਦੇਣਿਆਂ ਨੇ ਮਿੰਟ ਨੀ ਲਾਇਆ ਖੇਰੇ ਨੂੰ ਵੱਢਣ ਲੱਗਿਆਂ! ਕੀ ਕਰੀਏ ਯਾਰ, ਭੋਰਾ ਜੀ ਨੀ ਲਗਦਾ। ... ਬਚਨ ਦੀ ਭੁੱਬ ਨਿਕਲ ਜਾਂਦੀ।

— ਬਚਨ ਯਾਰ, ਪਤਾ ਤਾਂ ਹੈ ਬਈ ਉਹਨੇ ਮੁੜ ਕੇ ਨੀ ਆਉਣਾ। ਪਰ ਮਨ ਅਜੇ ਵੀ ਨੀ ਮੰਨਦਾ। ਪਰਸੋਂ ਰੋਹੀ ਵਾਲੇ ਖੇਤ 'ਚ ਬੁਈਆਂ ਮਾਰਨ ਗਿਆ ਤਾਂ ਆਏਂ ਲੱਗਿਆ ਜਿਵੇਂ ਚੁਲ੍ਹਿਆਂ ਵਲੋਂ ਖੇਰੇ ਨੇ ਮੈਨੂੰ ਵਾਜ ਮਾਰੀ ਹੋਵੇ। ਮੈਂ ਕਮਲਿਆਂ ਵਾਂਗ ਉਧਰ ਨੂੰ ਭੱਜਿਆ। ਪਰ ਉਥੇ ਕੀ ਹੋਣਾ ਸੀ। ਮੁੜ ਆਇਆ। ਭੋਰਾ ਜੀਅ ਨੀ ਕੀਤਾ ਕੰਮ ਕਰਨ ਨੂੰ। ਉਵੇਂ ਹੀ ਮੁੜ ਆਇਆ। ਬੱਸ ਬੁੜ੍ਹੇ ਦੀਆਂ ਗਾਲਾਂ ਖਾ ਲਈਆਂ ਤੇ ਬਿਨਾਂ ਰੋਟੀ ਖਾਧਿਆਂ ਸੌਂ ਗਿਆ। ਆਏਂ ਤਾਂ ਆਪਾਂ ਘੁਲ-ਘੁਲ ਮਰ ਜਾਵਾਂਗੇ। ਮੈਂ ਤਾਂ ਕਹਿਨਾ ਚਲ ਭਰਤੀ ਹੋ ਜਾਈਏ।

— ਠੀਕ ਐ ਤੀਰਥਾ, ਖਬਰੇ ਕੋਈ ਕੌਤਕ ਵਰਤ ਜਾਵੇ। ਆਪਣਾ ਦੋਹਾਂ ਦਾ 'ਕੱਠਾ ਕਿਸੇ ਬੜੇ ਸਾਹਿਬ ਦੀ ਕੋਠੀ ਮੂਹਰੇ ਪਹਿਰਾ ਲਗ ਜਾਵੇ। ਸਾਹਿਬ ਤੇ ਉਹਦਾ ਟੱਬਰ ਜੀਪ 'ਚ ਆਉਂਦੇ ਹੋਣ ਤੇ ਕੋਠੀ ਦਾ ਮੋੜ ਕੱਟਦਿਆਂ ਜੀਪ ਉਲਟ ਜਾਵੇ। ਤੂੰ ਤੇ ਮੈਂ ਜੀਪ ਨੂੰ ਬੋਰੀ ਵਾਂਗ ਚੱਕ ਕੇ ਖੜ੍ਹੀ ਕਰ ਦੇਈਏ। ਸਾਰੇ ਬਚ ਜਾਣ। ਸਾਹਿਬ ਖੁਸ਼ ਹੋ ਕੇ ਆਖੇ: 'ਜੋ ਮੰਗੋਗੇ ਦਿਆਂਗਾ।' ਤੇ ਆਪਾਂ ਆਖੀਏ: 'ਸਾਹਿਬ ਜੀ, ਤਿੰਨ ਦਿਨ ਦੀ ਛੁੱਟੀ, ਦੋ ਪੱਕੀਆਂ ਰਫਲਾਂ ਤੇ ਪੰਜਾਹ-ਪੰਜਾਹ ਰੌਂਦ .....

— ਫੇਰ? ... ਤੀਰਥ ਨੇ ਪੁੱਛਿਆ।

— ਫੇਰ ਬੱਸ ਓਸ ਸਾਰੀ ਕੁਤੀੜ ਨੂੰ ਫੂਕ ਦੇਈਏ ਜੀਹਨੇ ਖੇਰਾ ਵੱਢਿਆ ਸੀ। ... ਇੰਜ ਆਖ ਬਚਨ ਇੰਜ ਸ਼ਾਤ ਹੋ ਗਿਆ ਜਿਵੇਂ ਉਹਨੇ ਸਾਰਾ ਬਾਜਾਖਾਨਾ ਫੂਕ ਦਿੱਤਾ ਹੋਵੇ!

— ਤਥਾਸਤੂ! ... ਤੀਰਥ ਨੇ ਟਿੱਪਣੀ ਕੀਤੀ।

— ਇਹ ਕੀ ਹੁੰਦੇ? ... ਬਚਨ ਨੇ ਜ਼ਰਾ ਹੈਰਾਨੀ ਨਾਲ ਪੁੱਛਿਆ।

— ਆਏਂ ਤਾਂ ਮੈਨੂੰ ਵੀ ਪਤਾ ਨੀ। ਬੁੜ੍ਹਾ ਬੋਲਦਾ ਹੁੰਦੇ ਕਦੇ-ਕਦੇ, ਜਦੋਂ ਕਿਸੇ ਦੀ ਹਾਂ 'ਚ ਹਾਂ ਮਿਲਾਉਣੀ ਹੋਵੇ — ਤਥਾਸਤੂ!

ਹੁਣ ਦੋਹਾਂ ਦਾ ਕੰਮ ਵਿਚ ਦਿਲ ਨਹੀਂ ਸੀ ਲਗਦਾ। ਮੂੰਹ ਉਤਰ ਗਏ। ਟੁੱਟ - ਹਾਰੇ ਲੱਤਾਂ ਧਰੀਕਦੇ ਫਿਰਦੇ ਰਹਿੰਦੇ। ਚੜ੍ਹਦੀ ਜਵਾਨੀ ਨੂੰ ਜਿਗਰੀ ਯਾਰ ਦਾ ਬੇਵਕਤ ਅਤੇ ਭਿਆਨਕ ਵਿਛੋੜਾ ਵਲੂੰਧਰ ਕੇ ਸੁੱਟ ਗਿਆ। ਕੀ ਕਰਦੇ, ਮਰਿਆ ਤਾਂ ਜਾਂਦਾ ਨਹੀਂ ਸੀ। ਬੱਤੀਆਂ ਤਾਂ ਪਹਿਲਾਂ



ਹੀ ਪੀਂਦੇ ਸਨ। ਹੁਣ ਨਸਵਾਰ ਵੀ ਲੈਣ ਲਗ ਪਏ। ਕਦੇ-ਕਦੇ ਕਪੂਰੇ ਕੇ ਗੱਜਣ ਤੋਂ ਲੈ ਕੇ ਮਾੜਾ-ਮੋਟਾ ਮਾਵਾ ਵੀ ਛੱਕ ਲੈਂਦੇ। ਲੋਰ 'ਚ ਊਂਘੀ ਜਾਂਦੇ ਜਾਂ ਡੱਕੇ ਗੋਹੇ ਚੁਗਦੀਆਂ ਬਾਜ਼ੀਗਰਨੀਆਂ ਦੀਆਂ ਚੀਨੇ ਕਬੂਤਰਾਂ ਨਾਲ ਤਸ਼ਬੀਹਾਂ ਦਿੰਦੇ ਰਹਿੰਦੇ .....

ਇਕ ਦਿਨ ਬਚਨ ਦਾ ਬਾਪੂ ਧਰਮ ਸਿੰਘ, ਤੀਰਥ ਦੇ ਬਾਪ ਪੰਡਤ ਬਾਬੂ ਰਾਮ ਕੋਲ ਆਇਆ ਤੇ ਆਖਣ ਲੱਗਿਆ, "ਪੰਡਤਾ! ਆਏਂ ਤਾਂ ਮੁੰਡੇ ਖੁਰ ਜਾਣਗੇ। ਚੰਦਭਾਨ ਵਾਲਾ ਤੁਹਾਡਾ ਪਰਾਹੁਣਾ ਵੇਦਾਂ-ਸ਼ਾਸਤਰਾਂ ਦਾ ਵਿਦਵਾਨ ਐ। ਕੋਈ ਜਾਪ ਏ ਕਰਾ ਲਈਏ ਉਹਦੇ ਕੋਲੋਂ।"

"ਠੀਕ ਐ। ਮੈਂ ਅੱਜ-ਭਲਕ ਹੀ ਸੁਨੇਹਾ ਭੇਜਦਾਂ।" ਬਾਬੂ ਰਾਮ ਨੂੰ ਵੀ ਧਰਮ ਸਿੰਘ ਦੀ ਗੱਲ ਜਚ ਗਈ ਸੀ।

ਪਰ ਜਾਪਾਂ-ਜਾਪੂੰ ਦੀ ਚੁਰਾਸੀ ਵਿਚ ਪੈਣ ਤੋਂ ਪਹਿਲਾਂ ਹੀ ਬਚਨ ਤੇ ਤੀਰਥ ਬਠਿੰਡੇ ਜਾ ਕੇ ਭਰਤੀ ਹੋ ਗਏ।

ਫੌਜ ਵਿਚ ਕੀ ਗਏ ਜੀਵਨ ਦਾ ਧਾਰਾ ਹੀ ਬਦਲ ਗਿਆ। ਸਲੂਟਾਂ, ਪਰੇਡਾਂ, ਚਾਂਦਮਾਰੀਆਂ, ਕੂਚ ਤੇ ਬਦਲੀਆਂ ਨਾਲ ਨਿੱਤ ਦਾ ਜੀਵਨ ਇੰਨਾ ਭਰ ਗਿਆ ਕਿ ਹਥਲੀਆਂ ਸਰਗਰਮੀਆਂ ਹੀ ਚੇਤੇ ਰਹਿ ਗਈਆਂ। ਬਾਕੀ ਸਭ ਕੁਝ ਅਚੇਤ ਮਨ ਦਾ ਭਾਗ ਬਣ ਕੇ ਰਹਿ ਗਿਆ। ਉਥੇ ਹੀ ਜਿਗਰੀ ਯਾਰ ਖੇਰੇ ਦੀ ਯਾਦ ਜਗਦੀ-ਬੁਝਦੀ ਮਾਂਦ ਪੈ ਗਈ। ਦੋਹਾਂ ਦੇ ਵਿਆਹ ਹੋ ਗਏ। ਭਲੇ ਘਰਾਂ ਦੀਆਂ ਕੁੜੀਆਂ ਨੇ ਸਹੁਰੇ-ਘਰਾਂ ਵਿਚ ਪੁੱਜ ਕੇ ਸੋਭਾ ਖੱਟ ਲਈ। ਸ਼ੇਰਾਂ ਵਰਗੇ ਤਿੰਨ-ਤਿੰਨ ਲਾਲ ਜੰਮੇ ਤੇ ਮੂਰਤਾਂ ਵਰਗੀਆਂ ਦੋ-ਦੋ ਕੁੜੀਆਂ। ਦੋਹਾਂ ਯਾਰਾਂ ਨੇ ਮੁਰੱਬੇਬੰਦੀ ਵੇਲੇ, ਨਿਆਈਂ ਵਿਚ ਟੱਕ ਲੈ, ਨਾਲ-ਨਾਲ ਵਧੀਆ ਮਕਾਨ ਪਾ ਲਏ। ਕੁੜੀਆਂ ਦੇ ਵਿਆਹ ਹੋਏ ਤਾਂ ਕੁੜਮਾਂ ਨੇ ਇਕ ਰੋਟੀ ਬਚਨ ਦੇ ਘਰੋਂ ਤੇ ਦੂਜੀ ਤੀਰਥ ਦੇ ਘਰੋਂ ਖਾਧੀ। ਤੀਰਥ ਦਾ ਮੁੰਡਾ ਵਲਾਇਤ ਚਲਿਆ ਗਿਆ। ਛੇ ਮਹੀਨੇ ਨਹੀਂ ਪੈਣ ਦਿੱਤੇ ਕਿ ਉਹਨੇ ਚਾਚੇ ਬਚਨ ਦਾ ਮੁੰਡਾ ਵੀ ਵਲਾਇਤ ਸੱਦ ਲਿਆ। ਦੋਵੇਂ ਯਾਰ ਪੈਨਸ਼ਨ ਆ ਗਏ ਤੇ ਪਿੰਡ ਹੀ ਰਹਿਣ ਲਗ ਪਏ ਪਰ ਉਹਨਾਂ ਪੈਨਸ਼ਨੀਆਂ ਵਾਂਗ ਨਿਸੱਲ ਜਿਹਾ ਜੀਵਨ ਜੀਣ ਤੋਂ ਨਾਂਹ ਕਰ ਦਿੱਤੀ। ਖੇਤਾਂ ਵੱਲ ਜਾਂਦੇ, ਅਖਬਾਰ ਪੜ੍ਹਦੇ ਤੇ ਬਗੀਚੀ ਵਿਚ ਫੁੱਲ ਖਿੜਾਉਂਦੇ - ਗੁਲਾਬ ਦੇ, ਗੇਂਦੇ ਦੇ, ਹਰਾ ਧਨੀਆਂ, ਹਰੀਆਂ ਮਿਰਚਾਂ ਤੇ ਪੁਦੀਨਾ, ਟਮਾਟਰ। ... ਨ੍ਹਾ ਧੋ ਦੁਪਹਿਰੇ ਮੱਖਣੀ ਨਾਲ ਤੰਦੂਰ ਦੀ ਰੋਟੀ ਖਾਂਦੇ ਤੇ ਫਿਰ ਸਾਰਾ ਤੀਜਾ ਪਹਿਰ ਪਿੰਡ ਦੀ ਸੱਥ ਵਿਚ ਬਹਿ ਤਾਸ਼ ਖੇਡਦੇ, ਸੀਪ। ... ਪਹਿਲਾਂ ਗਿਆਰਾਂ ਨੰਬਰੀ ਚਲਦੀ ਰਹੀ, ਗੋਰੇ ਰੰਗ ਦੇ ਦਹਿਲੇ ਦੇ ਸਭ ਤੋਂ ਵੱਧ ਨੰਬਰ ਹੁੰਦੇ ਸਨ। ਜ਼ਮਾਨਾ ਬਦਲਿਆ ਤਾਂ ਤੀਹ ਨੰਬਰੀ ਚਲ ਪਈ, ਕਾਲੇ ਰੰਗ ਦਾ ਨਹਿਲਾ ਨੌਂ ਨੰਬਰ ਲੈ ਗਿਆ, ਪਰ ਗੋਰਾ ਦਹਿਲਾ ਬਾਰ੍ਹਾਂ ਨੰਬਰਾਂ ਦਾ ਹੋਣ ਕਰਕੇ ਹਾਲੀਂ ਵੀ ਮੀਰੀ ਸੀ। ਜ਼ਮਾਨਾ ਹੋਰ ਬਦਲਿਆ। ਗੋਰਾ ਰੰਗ ਅਲੋਪ ਹੋ ਗਿਆ। ਸੀਪ ਸੌ ਨੰਬਰੀ ਹੋ ਗਈ ਅਤੇ ਸਾਰੇ ਨੰਬਰ ਕਾਲੇ ਰੰਗ ਦੇ ਹੋ ਗਏ ਸਨ। ਥਾਂ-ਥਾਂ ਕਾਲੇ ਧਨ ਦੀਆਂ ਗੱਲਾਂ ਹੋਣ ਲੱਗ ਪਈਆਂ ਸਨ। ਕੇਹਾ ਜ਼ਮਾਨਾ ਆ ਗਿਆ ਸੀ, ਉਹ ਸੋਚਦੇ।

ਮਾਲੀ ਖੁਸ਼ਹਾਲੀ ਕਾਫੀ ਆ ਗਈ ਸੀ। ਮੁੰਡੇ ਇੰਗਲੈਂਡ ਵਿਚ ਹੇਠਲੇ ਪੱਧਰ ਦਾ ਜੀਵਨ ਜਿਉਂ ਕੇ ਬਾਕੀ ਦੇ ਪੈਸੇ ਮਾਂ-ਬਾਪ ਨੂੰ ਘਲਾ ਦਿੰਦੇ ਦੋਹਾਂ ਦੋਸਤਾਂ 'ਤੇ ਧਰਮ ਦਾ ਉਕਾ ਹੀ ਕੋਈ ਅਸਰ ਨਾ ਹੋਣ ਕਰਕੇ, ਅਗਾਂਹ-ਵਧੂ ਵਿਚਾਰਾਂ ਦਾ ਅਸਰ ਸੌਖਾ ਤੇ ਚਿਰਸਥਾਈ ਹੋ ਜਾਂਦਾ ਸੀ। ਕਿਹੜਾ ਧਰਮ? ... ਬਚਨ ਗੁਰਦੁਆਰੇ ਲਈ ਚੰਦਾ ਲੈਣ ਆਇਆਂ ਨੂੰ ਕੁੱਦ ਕੇ ਪਿਆ ... ਉਹੀ ਧਰਮ ਜੀਹਦਾ ਨਾਂ ਲੈ ਸਾਡਾ ਯਾਰ ਮਿੰਟਾਂ-ਸਕਿੰਟਾਂ ਵਿਚ ਵੱਢ ਘੱਤਿਆ! ... ਤੁਹਾਡੀ ਨਜ਼ਰ 'ਚ ਇਕ ਮਨੁੱਖ ਦਾ ਏਨਾ ਹੀ ਮੁੱਲ ਐ? ... ਠੀਕ ਐ, ਭਾਈਆਂ 'ਚ ਰਹਿਣੇ। ਲੈ ਲਵੋ ਜਿੰਨੇ ਪੈਸੇ ਚਾਹੀਦੇ ਨੇ। ਪਰ ਖੁਸ਼ ਹੋ ਕੇ ਇਕ ਪੈਸਾ ਵੀ ਨਹੀਂ ਦੇਣਾ। ਰੋੜਿਆਂ ਦਾ ਦੁਰਗਾ ਪਿੰਡ ਦੇ ਦਰਵਾਜ਼ੇ 'ਚ ਮਰ ਗਿਆ ਪੋਹ-ਮਾਘ ਦੀ ਠੰਢ ਨਾਲ, ਪਰ ਸੁੱਖਾ ਪੀਣੇ ਭਾਈ ਨੇ ਉਹਨੂੰ ਗੁਰਦੁਆਰੇ ਦੀ ਇਕ ਕੋਠੜੀ ਨੀ ਦਿੱਤੀ ਚੰਦਾ ਲੈਣ ਆਏ ਨੇ ਵੱਡੇ ਨਗੌਰ। ਹਾਂ, ਜੇ ਲਾਊਡਸਪੀਕਰ ਦਾ ਮੂੰਹ ਬਾਜੇਖਾਨੇ ਵਲ ਕਰ ਦਿਉਂ ਤਾਂ ਜਿੰਨੇ ਮਰਜ਼ੀ ਐ ਲੈ ਲਿਉ।

ਤੀਰਥ ਦਾ ਵੀ ਇਹੀ ਵਤੀਰਾ ਸੀ। ਪਿੰਡ ਵਿਚ ਮੰਦਰ ਤਾਂ ਕੋਈ ਹੈ ਨਹੀਂ ਸੀ। ਪਰ ਜੇ ਕੋਈ ਸਾਧ ਜਾਂ ਪਾਂਡਾ ਆਉਂਦਾ ਤਾਂ ਦਰੋਂ ਹੀ ਮੋੜ ਦਿੰਦਾ।

ਪੰਦਰ੍ਹਾਂ ਸਤੰਬਰ ਵਾਲੇ ਦਿਨ ਦੋਵੇਂ ਯਾਰ ਸੋਗ-ਦਿਵਸ ਮਨਾਉਂਦੇ। ਵਰਤ ਰਖਦੇ। ਨਾ ਦਾਰੂ ਪੀਂਦੇ, ਨਾ ਮੀਟ ਖਾਂਦੇ। 'ਕਲਜੁਗੀ ਕੰਧ' ਤੋਂ ਲੈ ਕੇ ਖੇਰੇ ਦੀ ਕਬਰ ਤੀਕ ਆਪ ਕੱਖ ਕੰਡਾ ਪੁੱਟਦੇ, ਸਫਾਈ ਕਰਦੇ ਤੇ ਅਗਰਬੱਤੀਆਂ ਜਗਾਉਂਦੇ। ਜਦੋਂ ਵਾਪਸ ਆਉਂਦੇ ਤਾਂ ਘੜੀ ਸੱਥ ਵਿਚ ਰੁਕਦੇ ਜਿਥੇ ਨਿਤਨੇਮ ਵਾਂਗ ਕਾਮਰੇਡ ਕਾਹਨ ਸਿੰਘ ਸਰਕਾਰ ਦੀ ਏਹੀ-ਤੇਹੀ ਫੇਰ ਰਿਹਾ ਹੁੰਦਾ ...

ਸਾਲੇ ਆਜ਼ਾਦੀ ਦੇ। ਨਾਜ਼ਰ ਦਾ ਪਿਉ ਵੀ ਬੱਕਰੀਆਂ ਚਾਰਦਾ ਸੀ, ਨਾਜ਼ਰ ਵੀ ਉਵੇਂ-ਕਿਵੇਂ ਚਾਰਦੈ। ਆੜ੍ਹਤੀਏ ਉਵੇਂ ਲੁੱਟੀ ਜਾਂਦੇ ਨੇ, ਜਿਵੇਂ ਆਜ਼ਾਦੀ ਤੋਂ ਪਹਿਲਾਂ ਲੁੱਟਦੇ ਸਨ। ਸਾਲੇ ਪੰਚਾਇਤੀ ਰਾਜ ਦੇ। ਨਾਮੀ ਦਸ-ਨੰਬਰੀਏ ਸਰਪੰਚ ਬਣੇ ਫਿਰਦੇ ਨੇ। ਆਹ ਪਿੰਡ ਦੇ ਰਮਦਾਸੀਏ, ਜਿੰਨ੍ਹਾਂ ਨੂੰ ਗਾਂਧੀ ਮਹਾਤਮਾ ਹਰੀਜਨ ਆਖ ਫੂਕ ਛਕਾਉਂਦੇ ਰਹੇ, ਦੱਸ ਦੇਵੋ ਜੇ ਕਿਸੇ ਨੂੰ ਜ਼ਮੀਨ ਮਿਲੀ ਐ ਤਾਂ। ਆਹ ਜਿਹੜੇ ਤਿੰਨ-ਤਿੰਨ ਸੌ ਘੁਮਾ ਦੇ ਮਾਲਕ ਨੇ, ਦੱਸ ਦੇਵੋ ਜੇ ਕਿਸੇ ਤੋਂ ਸਿਆੜ ਵੀ ਖੋਹਿਆ ਹੋਵੇ। ਨਾਲੇ ਵੇਖ ਲਵੋ ਔਹ ਜੀਹਨਾਂ ਨੇ ਜੈਤੋ ਦੇ ਮੋਰਚੇ ਵਿਚ ਅੰਗਰੇਜ਼ਾਂ ਦਾ ਸਾਥ ਦਿੱਤਾ ਤੇ ਮੁਖਬਰੀਆਂ ਕੀਤੀਆਂ ਸਨ ਕਿਵੇਂ ਖੱਦਰ ਦੇ ਕੱਪੜੇ ਪਾਈ ਤੇ ਪਸਤੌਲ ਲਟਕਾਈ ਬਲਾਕ ਸੰਮਤੀ ਦੇ ਚੇਅਰਮੈਨ ਬਣੇ ਫਿਰਦੇ ਨੇ ... ਏਨੀ ਹਨੇਰਗਰਦੀ ਤਾਂ ਕਦੇ ਸੁਣੀ ਨੀ ਯਾਰੋ, ਬਈ ਬੱਸ ਦਾ ਟਿਕਟ ਦੇਣ ਲੱਗਿਆਂ ਕੰਡਕਟਰ ਭਾਨ ਹੀ ਨਾ ਮੋੜੇ ਅਤੇ ਮੁੰਡਿਆਂ ਦੇ ਇਮਤਿਹਾਨ ਵੇਲੇ ਨਿਗਰਾਨ ਨਕਲ ਮਾਰਨ ਲਈ ਆਪ ਜਾ ਕੇ ਪਰਚੀਆਂ ਫੜਾਉਣ। ਨੌਕਰੀ ਨਿਕਲੇ ਇਕ ਤੇ ਅਰਜ਼ੀ ਦੇਣ ਵਾਲੇ ਹੋਣ ਪੰਜ ਹਜ਼ਾਰ! ... ਹੇਠਲੀ ਉਤੇ ਨਹੀਂ ਆਵੇਗੀ ਤਾਂ ਹੋਰ ਕੀ ਹੋਵੇਗਾ। ਇਕ ਹੋਰ ਪਾਕਿਸਤਾਨ ਬਣੇਗਾ ... ਇਕ ਹੋਰ .....

ਤੀਰਥ ਤੇ ਬਚਨ ਖੇਰੇ ਦੀ ਕਬਰ ਸਾਫ ਕਰਕੇ ਮੁੜਦੇ ਤਾਂ ਕਾਮਰੇਡ ਉਨ੍ਹਾਂ ਨੂੰ ਖਲੋਤਿਆਂ ਵੇਖ, ਆਪਣਾ ਰੁਖ ਬਦਲਦਿਆਂ ਆਖਦਾ: "ਆਹ ਵੇਖ ਲੌ ਫੌਜੀਆਂ ਦੀ ਯਾਰੀ! ਰੱਬਾ ਸਾਡੇ ਜੁੱਸੇ ਆਪੋ-ਆਪਣੇ ਦੋ ਜਿਸਮਾਂ ਇਕ ਜਾਨ! ... ਮੋਏ ਯਾਰ ਦੀ ਯਾਦ ਨੂੰ ਹਿੱਕ ਨਾਲ ਲਾਈ ਫਿਰਦੇ ਨੇ। ਨਹੀਂ ਰੀਸਾਂ ਬਈ, ਤੁਹਾਡੀਆਂ! ਮਾਂਵਾਂ ਇਹੋ-ਜਿਹੇ ਪੁਰਖ ਜੁਗਾਂ ਪਿੱਛੋਂ ਜੰਮਦੀਆਂ ਨੇ ....

ਇਸ ਪਥ-ਬਦਲੀ ਤੋਂ ਬਾਦ ਕਾਮਰੇਡ ਮੁੜ ਰਾਹ 'ਤੇ ਪੈ ਜਾਂਦਾ, "ਤੁਸੀਂ ਲੱਤ ਟੁੱਟੀ ਵਾਲਾ ਉਠ ਵੇਖਿਆ ਏ ਨਾ ਸੁੰਦਰ ਰੋੜੇ ਦਾ। ਉਠ ਦੀ ਲੱਤ ਜੁੜਦੀ ਨੀ ਹੁੰਦੀ। ਅਖੀਰ ਸੁੰਦਰ ਆਪ ਸਰਵਣ ਲੰਬੜਦਾਰ ਕੋਲ ਗਿਆ ਤੇ ਆਖਣ ਲੱਗਿਆ, 'ਲੰਬੜਦਾਰਾ, ਹੁਣ ਏਹਨੂੰ ਗੋਲੀ ਮਾਰ ਦੇ। ਕੰਮ ਦਾ ਨਾ ਕਾਜ ਦਾ, ਵੈਰੀ ਅਨਾਜ ਦਾ। ... ਇਹੀ ਹਾਲ ਹੁਣ ਇਨ੍ਹਾਂ ਕਾਂਗਰਸੀਆਂ ਦਾ ਹੈ। ਕਿਥੇ ਉਹ ਸਮਾਂ ਜਦੋਂ ਇਨ੍ਹਾਂ ਦੇ ਵਰਕਰ ਪਿੰਡ ਆਉਂਦੇ ਸਨ ਤਾਂ ਸਾਰਾ ਪਿੰਡ ਇਨ੍ਹਾਂ ਦੇ ਪਿੱਛੇ 'ਚਰਖਾ ਗਾਂਧੀ ਦਾ।' ਗਾਉਂਦਾ ਫਿਰਦਾ ਸੀ। ਪਰ ਅੱਜ ਇਹ ਹਾਲ ਐ ਕਿ ਜੇ ਕੋਈ ਕਾਂਗਰਸੀਆ ਮੱਥੇ ਲੱਗ ਜਾਵੇ ਤਾਂ ਸਾਰਾ ਦਿਨ ਰੋਟੀ ਸਵਾਦ ਨੀ ਲੱਗਦੀ ਲੰਗੇ ਉਠ ਨੇ ਇਹ ਸਾਰੇ ਦੇ ਸਾਰੇ! ... ਪਰਲੋ ਆਵੇਗੀ ਪਰਲੋ! ਫੇਰ ਨਾ ਆਖਣਾ ਕਿ ਦੱਸਿਆ ਨੀ! ....

ਫਿਰ ਇਕ ਦਿਨ ਕਾਮਰੇਡ ਦੇ ਬੋਲ ਸੱਚੇ ਹੋ ਗਏ ਤੇ ਪਰਲੋ ਆ ਗਈ

ਦੋਵੇਂ ਯਾਰ ਆਪਣੇ ਮੁੰਡਿਆਂ ਕੋਲ ਇੰਗਲੈਂਡ ਗਏ ਹੋਏ ਸਨ। ਖਾਣ-ਪੀਣ ਦਾ ਕੋਈ ਅੰਤ ਨਹੀਂ ਸੀ। ਸਫਾਈ ਦਾ ਵੀ ਕੋਈ ਹਿਸਾਬ ਨਹੀਂ ਸੀ। ਕੱਪੜੇ ਵੀ ਅੰਤਾਂ ਦੇ ਸੋਹਣੇ, ਮਾਰਕਸ ਐਂਡ ਸਪੇਂਸਰ ਦੇ। ਪਰ ਮਹੀਨੇ ਕੇ ਬਾਦ ਦੋਹਾਂ ਦਾ ਦਮ ਘੁੱਟਣ ਲੱਗ ਪਿਆ।

— ਮੈਂ ਗਲਘੋਟੂਆ ਆ ਕੇ ਮਰ ਜਾਵਾਂਗਾ, ਤੀਰਥਾ! ਚਲ ਪਿੰਡ ਉਠ ਚੱਲੀਏ।

— ਮੇਰਾ ਸਿਰ ਬਹੁਤ-ਭਾਰਾ-ਭਾਰਾ ਰਹਿੰਦੇ ਤੇ ਅੱਖਾਂ ਥੱਕੀਆਂ-ਥੱਕੀਆਂ। ਕਿਤੇ ਸਾਲਾ ਬਲੱਡ ਪਰੇਸ਼ਰ ਹੀ ਨਾ ਹੋ ਜਾਵੇ। ... ਸਤਿਆ ਹੋਇਆ ਤੀਰਥ ਬੋਲਿਆ।

— ਪਿੰਡ ਬਹੁਤ ਯਾਦ ਆਉਂਦੇ। ਏਥੇ ਤਾਂ ਬੰਦਾ ਹੀ ਨੀ ਥਿਉਂਦਾ।

ਬਾਕੀ ਪੰਨਾ 18 'ਤੇ



Kuldip S. Jhand

WHEATON

PONTIAC BUICK GMC LTD.

ਤੁਹਾਡੇ ਲਈ ਪੈਸਿਆਂ ਦਾ ਬੰਦੋਬਸਤ ਕੀਤਾ ਜਾਂਦਾ ਹੈ। ਥੋੜੀ ਜਿਹੀ ਡਾਊਨ ਪੇਮੈਂਟ ਦੇ ਸਾਡੇ ਕੋਲੋਂ ਅਸਾਨ ਕਿਸ਼ਤਾਂ ਤੇ ਕਾਰਾਂ ਲਓ

ਅਸੀਂ ਤੁਹਾਡੀਆਂ ਪੁਰਾਣੀਆਂ ਕਾਰਾਂ, ਵੈਨਾਂ ਆਦਿ ਵੀ ਚੰਗੇ ਭਾਅ ਤੇ ਖ਼ਰੀਦਦੇ ਹਾਂ — ਇਕ ਵਾਰ ਦਰਸ਼ਨ ਜ਼ਰੂਰ ਦਿਓ

ਕੁਲਦੀਪ ਸਿੰਘ ਝੰਡ
ਨੂੰ ਮਿਲੋ ਜਾਂ ਫੋਨ ਕਰੋ

Bus. 526-2781
Res. 524-4137
Pager 687-7711 #7610

SUPER BUYS

325 - 12th St., New Westminster, B.C.

# ਯੂ. ਕੇ. ਦੀ ਪੰਜਾਬੀ ਕਵਿਤਾ

**ਟਿੱਡੀ ਦਲ**

ਕਿਹੜਾ ਟਿੱਡੀ ਦਲ ਇਹ ਬਸਤੀਆਂ ਚੱਟ ਰਿਹਾ ।
ਲਾਸ਼ਾਂ ਦੇ ਵਿਉਪਾਰ 'ਚੋਂ ਫੈਦਾ ਖੱਟ ਰਿਹਾ ।
ਹੋਏਗਾ ਕੋਈ ਰੋਗ ਜ਼ਰੂਰ ਸਮੁੰਦਰ ਨੂੰ,
ਐਵੇਂ ਨਹੀਂ ਉਹ ਆਪਣੇ ਕੰਢੇ ਕੱਟ ਰਿਹਾ ।
ਹਿਰਨਾਂ ਦੀ ਕੋਈ ਡਾਰ ਨਿਹੱਥੀ ਕਤਲ ਹੋਈ,
ਬਾਘ ਬਘੇਲੇ ਦਾ ਲੰਘ ਰੰਗਾ ਬੁੱਟ ਰਿਹਾ ।
ਮਜ਼ਲੂਮਾਂ ਦਾ ਖੂਨ ਬੜਾ ਹੀ ਸਸਤਾ ਹੈ,
ਸਾਂਝਾਂ ਦੇ ਖੂਹਾਂ 'ਚੋਂ ਪਾਣੀ ਘੱਟ ਰਿਹਾ ।
(ਜਗਤਾਰ ਢਾਅ)

**ਆਪਣੇ ਆਪੇ ਤੋਂ ਦੂਰ**

ਅਸੀਂ ਕਿਸ ਭਾਲ 'ਚ ਤੁਰੇ
ਕਿ ਮੱਥੇ ਦੀ ਅੱਖ ਖੋ ਬੈਠੇ
ਹੁਣ ਰਾਹਗੀਰਾਂ ਤੋਂ ਪੁੱਛਦੇ ਹਾਂ
ਸਾਡਾ ਲਿੰਬਿਆ ਪੋਚਿਆ ਘਰ ਕਿੱਥੇ ?
ਜੇ ਤੁਰੇ ਰਹਿਣ ਦਾ ਨਾਂ ਜ਼ਿੰਦਗੀ ਹੈ
ਤਾਂ ਮੈਨੂੰ ਜਿਉਂਦਾ ਕਰੋ
ਮੇਰੇ ਅਖਵਾਨਿਆਂ 'ਚ
ਨਜ਼ਰ ਭਰੀ ਅੱਖ ਧਰੋ । (ਭੁਪਿੰਦਰ ਪੁਰੇਵਾਲ)

**ਸੱਭਿਅਤਾ ਦਾ ਫਰਕ**

ਗੋਰਿਆਂ ਦੇ ਫਰੰਟ ਗਾਰਡਨ ਵਿੱਚ
ਰੁੱਖ ਨਾਲ ਲੱਗਾ ਇਸ਼ਤਿਹਾਰ
"ਤਿੰਨਾਂ ਮਹੀਨਿਆਂ ਤੋਂ ਗਰਭਵਤੀ ਹੈ"
'ਸਾਡੀ ਅੱਗ ਦੀ ਉਮਰ ਦੀ ਧੀ'
ਕਿਸ ਦੀ ਕਾਰਗੁਜ਼ਾਰੀ ਹੈ ਇਹ ਕੁਕਰਮ?
ਤੇ ਡੈਡੀ ਸਮੋਈ ਕਰੰਬੂਲ ਦੀ ਉਧਾਲੀ ਹੈ ਸ਼ਰਮ
ਬਾਪ ਕੌਣ ਹੈ ? ਸਾਨੂੰ ਪਤਾ ਹੈ
ਬਿਲਾ ਸ਼ੱਕ ! ਇਹ ਹਵਸੀ ਖਤਾ ਹੈ
ਅਸੀਂ ਜਾਣਦੇ ਹਾਂ
ਸਾਡੀ ਗੁੱਲੋ ਗੁਲਜ਼ਾਰ ਅਜੇ ਜੁਆਣ ਹੈ
ਗੰਵਾਰ ਹੈ ਨਾਸਮਝ ਹੈ ਨਾਦਾਨ ਹੈ
ਪਰ ਭਵਿੱਖ ਦੇ ਸੂਰਜ ਨੂੰ ਗੱਲ ਲਾਉਣ ਲਈ
ਸਾਡੇ ਅੰਦਰ ਪਿਆਰ ਦਾ ਤੂਫਾਨ ਹੈ
ਦੋਸਤਾ ! ਇਹ ਹੈ ਸਭਿਅਤਾ ਪੱਛਮੀ
ਪਰ ਪੂਰਬ ਦੀ ਸਭਿਅਤਾ ਔਡਰੀ
ਉਥੇ ਤਾਂ ਕੁਆਰੀ ਕੁੜੀ ਜੇ
ਗੱਲਾਂ ਵੀ ਕਰਦੀ ਫੜੀ ਜਾਏ
ਆਪਣੇ ਚਾਹੀਤੇ "ਨੂਰ" ਨਾਲ
ਚੀਰੀ ਜਾਵੇ ਆਰੀਆਂ ਥੀਂ
ਹਾਲ ਤੋਂ ਕਰਕੇ ਬੇ-ਹਾਲ
ਡਾਕਟਰ ਨੂਰ ਭਾਰਤੀ,

**ਸੁੱਤੀਆਂ ਰੂਹਾਂ**

ਸੁਣਦਿਆਂ ਸਾਰ ਅਲਾਰਮ ਤੜਕੇ
ਅੱਖਾਂ ਮਲਦਿਆਂ ਚੁਕਣਾ ਝੋਲਾ
ਆਥਣ ਵੇਲੇ ਮੁੜ ਲੈ ਆਉਣਾ
ਖਾਲੀ ਹੋਇਆ ਕਾਲਾ ਝੋਲਾ
ਖੂਹ ਦੀਆਂ ਟਿੰਡਾਂ ਵਾਂਙੂ
ਘਰੋਂ ਫੈਕਟਰੀ, ਫੈਕਟਰੀ ਤੋਂ ਘਰ
ਮਰਨ ਤੇ ਜੰਮਣ ਵਰਗਾ ਚੱਕਰ ।
(ਅਵਤਾਰ ਸਾਦਿਕ)

**ਹਿਪੋਕ੍ਰੇਸੀ**

ਏਥੇ ਜਾਨਵਰ ਬੰਦਿਆਂ ਕੋਲੋਂ ਤ੍ਰਹਕਦੇ ਨਈਂ
ਪਰ ਬੰਦੇ ਬੰਦਿਆਂ ਨੂੰ ਵੇਖ ਕੇ
ਅੱਖੀਆਂ ਓਹਲੇ ਹੋ ਜਾਂਦੇ ਨੇ
ਓਹਲ ਨਵਾਂ ਕਾਨੂੰਨ ਏ
ਓਹਲਾ ਬੱਗੇ ਹੱਥਾਂ 'ਤੇ ਕਾਲੇ ਦਸਤਾਨੇ
ਅਖਬਾਰੀ ਵਰਕੇ 'ਤੇ ਛਪੀ 'ਜ਼ਰੂਰਤ'
ਅੰਤ ਦੀ ਗੁੰਝਲ ਤੇ ਤਨਖਾਹੀਂ ਪੈਕਟ
ਅੱਖ ਪਰਦੇਸੀ ਦੀ, ਚਿੰਤਾ ਦਾ ਭੈੜਾ ਸੁਫਨਾ ।
(ਮਜ਼ਹਰ ਤਿਰਮਜ਼ੀ)

**ਕੁੱਤੇ ਵਾਲੀ ਗੋਰੀ**

ਪੱਬ 'ਚ ਰੰਗ ਦੀ ਰੌਣਕ ਆ ਬੈਠੀ ਹੈ
ਬਿੱਲੀ ਜਿੱਡਾ ਜੱਤਲ ਕੁੱਤਾ
ਗੋਰੀ ਪੱਟੀਂ ਸੁਲਾ ਕੇ ਬੈਠੀ ਹੈ
ਆਪਣੀ ਅੱਗ ਮਚਾ ਕੇ ਬੈਠੀ ਹੈ
ਤਾਹੀਂ ਅੱਖ ਮਟਕਾ ਕੇ ਬੈਠੀ ਹੈ
ਨਜ਼ਾਕਤ ਅੰਗ-ਪ੍ਰਦਰਸ਼ਨੀ
ਮਿੰਨੀ ਸਕਰਟ !
ਪੱਟ ਦਿਖਾਂਦੀ ਸੰਗਦੀ
ਆਪਣਾ ਨੰਗ ਲੁਕਾ ਕੇ ਬੈਠੀ ਹੈ
ਜਿੰਨ 'ਚ ਜਿੰਜਰ ਏਲ ਮਿਲਾਵੇ
ਰੰਗੇ ਬੁੱਲ੍ਹੀ ਜੀਭ ਨਚਾਵੇ
ਘੜੀ-ਮੁੜੀ ਹਥ ਪਰਸ 'ਚ ਪਾਵੇ
ਪਰ ਕੁਝ ਨਾ ਕਢਿਆ ਜਾਵੇ
ਐਸਾ ਨਸ਼ਾ ਚੜ੍ਹਾ ਕੇ ਬੈਠੀ ਹੈ
ਬਿੱਲੀ ਜਿੱਡਾ ਜੱਤਲ ਕੁੱਤਾ
ਗੋਰੀ ਪੱਟੀਂ ਸੁਲਾ ਕੇ ਬੈਠੀ ਹੈ ।
(ਸੰਤੋਖ ਸਿੰਘ ਸੰਤੋਖ)

**ਕੰਨਸੋਅ ਆਈ ਵਤਨੋਂ**

ਕੰਨਸੋਅ ਆਈ ਵਤਨੋਂ
ਕਿ ਪਾਕ ਸ਼ਹਿਰ ਦੀ ਸ਼ਾਨ ਤੇ
ਟੁੱਟਿਆ ਏ ਕਹਿਰ ਨਾਦਰੀ
ਸਰੋਵਰ ਲਹੂ ਨਾਲ ਭਰ ਕੇ
ਉਸ ਲਗਵਾਈ ਆਪਣੀ ਹਾਜ਼ਰੀ,
ਕੰਨਸੋਅ ਆਈ ਵਤਨੋਂ
ਕਿ ਤੋਪਾਂ ਦਾ ਮੂੰਹ ਖੁਲ੍ਹਿਆ
ਲਾ ਅਮਨ ਦਾ ਪੱਜ
ਅੱਗ ਫਿਰੇ ਬਹਾਰਾਂ ਚੱਟਦੀ,
ਮੁੱਕੇ ਨਾ ਅੱਗ ਦਾ ਰੱਜ । (ਦਰਸ਼ਨ ਬੁਲੰਦਵੀ)

**ਆਪਣਾ ਕਿ ਪਰਾਇਆ**

ਦੇਸ ਬਿਗਾਨੇ ਆਪਣਾ ਘਰ ਹੈ,
ਸਭ ਕੁਝ ਆਪਣਾ ।
ਦੇਸ ਆਪਣੇ ਘਰ ਨਹੀਂ ਆਪਣਾ,
ਕੁਝ ਨਹੀਂ ਆਪਣਾ ।
ਕੌੜਾ ਸੱਚ ਇਹ ਝੂਠ ਜਿਹਾ ਹੈ,
ਤੇ ਮਿਹਨਤ ਦਾ ਮੁੱਲ ਜੂਠ ਜਿਹਾ ਹੈ,
ਇਸ ਦਵੰਦ ਤੇ ਸੋਚ ਖੜ੍ਹੀ ਹੈ
ਕੀ ਆਪਣਾ ਤੇ ਕੀ ਨਹੀਂ ਆਪਣਾ ?
(ਸ਼ਿਵਚਰਨ ਗਿੱਲ)

**ਸੂਲਾਂ**

ਜੀ ਸਾਡਾ ਸਭ ਕੁਝ ਸੂਲਾਂ ਸੂਲਾਂ
ਰੋਜ਼ ਸਵੇਰੇ ਸੂਲਾਂ ਖਾਈਏ
ਤੇ ਸੂਲਾਂ ਹੋਰ ਕਮਾਈਏ
ਸੂਲਾਂ ਤੇ ਚੱਲੀਏ ਸੂਲਾਂ ਤੇ ਸੌਂਈਏ
ਸੂਲਾਂ ਦੇ ਮੁਕਟ ਸਜਾਈਏ
ਸੂਲਾਂ ਦੇ ਗੁੱਛੇ ਚਾਂਦੀ ਦੇ ਸਿੱਕੇ
ਕਦ ਤਕ ਸਮਝੀ ਜਾਈਏ
ਜੰਮੀਏ ਸੂਲਾਂ ਪਾਲੀਏ ਸੂਲਾਂ
ਸੂਲਾਂ ਦੇ ਹੋ ਹੋ ਜਾਈਏ
ਫਿਰ ਵੀ ਸੂਲਾਂ ਨੂੰ ਹਿੱਕ ਨਾ' ਲਾ ਕੇ
ਫੁੱਲਾਂ ਦੇ ਸਬਕ ਪੜ੍ਹਾਈਏ
ਦਿਲ ਵਿਚ ਲਖ ਬਗੀਚੇ ਸੁਕਣ
ਸੋਚੀਏ ਤੇ ਮਰ ਜਾਈਏ । (ਬਲਦੇਵ ਬਾਵਾ)

**ਫ਼ਰਕ**

ਰਸੋਈ ਦੇ ਪਤੀਲੇ 'ਚ ਉਬਲਦੀ
ਕੁੱਕੜ ਦੀ ਬਾਂਗ ।
ਅਖਬਾਰਾਂ ਦਿਆਂ ਸਫ਼ਿਆਂ 'ਤੇ
ਜੀਉਂਦੇ ਮਰਦੇ ਲੋਕ ।
ਹਰ ਵੀਕ-ਐਂਡ ਤੇ ਪੱਕਦੀਆਂ
ਹਾੜ੍ਹੀਆਂ ਸੌਣੀਆਂ
ਮਲੇਸ਼ੀਏ ਦਾ ਸੂਟ ਪਹਿਨ ਕੇ,
ਚੜ੍ਹਦਾ ਪ੍ਰਾਹੁਣਾ ਸੂਰਜ ।
ਟੈਲੀਵੀਜ਼ਨ ਦੇ ਢੋਲ 'ਚ ਵੜੇ
ਗਿੱਧੇ ਤੀਆਂ ।
ਬਰਫ ਹੇਠ ਦੱਬਿਆ
ਗ਼ਦਰੀ ਬਾਬਿਆਂ ਦਾ ਪਾਗ਼ਲਪਣ ।
(ਅਵਤਾਰ ਜੰਡਿਆਲਵੀ)

**ਕਿਵੇਂ ਮਿਲੇਗੀ ਮੁਕਤੀ**

ਜਦ ਵੀ ਤੁਰਦਾਂ ਪੈਰੀਂ ਟੇਪਾਂ ਉਲਝਦੀਆਂ
ਗੀਤ ਪੁਰਾਣੇ ਰੁਲਦੇ-ਫਿਰਦੇ ਰਾਹਵਾਂ 'ਤੇ
ਜਦੋਂ ਜਹਾਜ਼ ਹਵਾਈ ਸਿਰ ਤੋਂ ਲੰਘਦਾ ਹੈ
ਸਿੱਧਾ ਦਿਲ ਵਿਚ ਆ ਕੇ ਲਹਿੰਦਾ ਹੈ
ਮਨ ਖੁੱਸਦਾ, ਸੋਚੀਂ ਪੈਂਦਾ, ਮੁੜ ਮੁੜ ਕਹਿੰਦਾ ਹੈ-
ਇਹ ਕਿਉਂ ਆਇਆ ਇਨ ਕਿਥੇ ਜਾਣਾ ਸੀ ?
ਘੁੱਗੀ ਦੀ ਆਵਾਜ਼ ਕੰਨੀਂ ਜਦ ਪੈਂਦੀ ਹੈ
ਵਰ੍ਹਿਆਂ ਦੇ ਖੰਭ ਸੁੰਗੜ ਕੇ ਰਹਿ ਜਾਂਦੇ ਨੇ
ਚਿੰਤਾ ਵਿਚ ਕੋਈ ਪੰਛੀ ਕੰਬ ਜਾਂਦਾ ਹੈ
ਨਾ ਉੱਡਦਾ, ਨਾ ਕੂੰਦਾ ਤੇ ਨਾ ਗਾਉਂਦਾ ਹੈ
ਏਹੀ ਰਿਹਾ ਜੇ ਹਾਲ ਮੈਂ ਬਉਰਾ ਹੋ ਜਾਣਾ
ਕਿਵੇਂ ਮਿਲੇਗੀ ਮੁਕਤੀ ਮੈਨੂੰ ਯਾਦਾਂ ਤੋਂ ।
(ਅਮਰਜੀਤ ਚੰਦਨ)


# GIL'S NEW & USED

**Furniture & Appliances Warehouse**

All kinds of New and Used Furniture — Color TV — Stereos — Major Appliances — Refrigerators — —Air Conditioners

**WE BUY SELL TRADE**

ਹਰ ਤਰ੍ਹਾਂ ਦਾ ਨਵਾਂ ਤੇ ਪੁਰਾਣਾ ਫਰਨੀਚਰ ਖ਼੍ਰੀਦਣ ਲਈ ਮਿਲੋ ਜਾਂ ਫੋਨ ਕਰੋ :

**582-8726**

121 SALTER STREET WINNIPEG, MAN.

# REDWOOD MOTORS LTD.

ਕਾਰਾਂ ਦੀ ਜਨਰਲ ਮੁਰੰਮਤ — ਬਰੇਕਾਂ ਦੀ ਸਪੈਸ਼ਲ ਸਰਵਿਸ



**ਟੈਕਸੀਆਂ ਦੀ ਰੀਪੇਅਰ ਉਤੇ ਸਪੈਸ਼ਲ ਡਿਸਕਾਊਂਟ**

ਹਰ ਤਰ੍ਹਾਂ ਦੀ ਕਾਰ ਦੀ ਮੁਰੰਮਤ ਜਲਦੀ ਕਰਵਾਉਣ ਲਈ ਰੈਡਵੁੱਡ ਮੋਟਰਜ਼ ਉਤੇ ਪਹੁੰਚੋ



**PH. 582-7138**

600 - Redwood Ave. WINNIPEG, MAN.

(ਪੰਨਾ 17 ਦੀ ਬਾਕੀ)

ਸਾਰੇ ਸਾਲੇ ਆਏਂ ਫਿਰਦੇ ਨੇ ਜਿਵੇਂ ਹਨੂਮਾਨ ਦੀ ਪੂੰਛ ਨੂੰ ਅੱਗ ਲੱਗੀ ਹੁੰਦੀ ਐ। ... ਬਚਨ ਨੇ ਆਖਿਆ।

— ਨਾਲੇ ਸਿਆਲ ਉਤਰਨ ਤੋਂ ਪਹਿਲਾਂ ਪਹਿਲਾਂ ਉਠ ਚੱਲੀਏ। ਸਿਆਲ 'ਚ ਤਾਂ ਵਿਹਲਾ ਬੰਦਾ ਇਥੇ ਸਾਲ 'ਚ ਬੁੜ੍ਹਾ ਹੋ ਜਾਂਦੈ। ... ਤੀਰਥ ਬੋਲਿਆ।

ਤੇ ਉਹ ਅਕਤੂਬਰ ਦੇ ਅਖੀਰ ਵਿਚ ਦਿੱਲੀ ਪੁਜ ਗਏ।

ਦਿੱਲੀ ਪੁੱਜੇ ਹੀ ਸਨ ਕਿ ਇੰਦਰਾ ਗਾਂਧੀ ਮਾਰ ਦਿੱਤੀ।

ਸਿੱਖਾਂ ਦਾ ਵਢਾਂਗਾ ਸ਼ੁਰੂ ਹੋ ਗਿਆ। ਉਨ੍ਹਾਂ ਸਿੱਖਾਂ ਦਾ ਵਢਾਂਗਾ ਜਿਨ੍ਹਾਂ ਨੇ ਕਦੀ ਕੁੱਤੇ ਨੂੰ ਵੀ ਸੋਟੀ ਮਾਰ ਕੇ ਨਹੀਂ ਵੇਖੀ ਸੀ। ਜਿਨ੍ਹਾਂ ਦਾ ਕਾਤਲਾਂ ਨਾਲ ਸਿਰਫ ਭੇਸ ਰਲਦਾ ਸੀ। ਧਰਮ-ਨਿਰਪੇਖਤਾ ਦੀਆਂ ਰੋਜ਼ ਸੌਂਹਾਂ ਖਾਣ ਵਾਲਿਆਂ ਵਲੋਂ ਅਗਨ-ਟਾਇਰਾਂ ਦਾ ਅਸ਼ਵਮੇਧ ਰਚਾਇਆ ਗਿਆ। ਧਰਮ ਖੰਭ ਲਾ ਉਡ ਗਿਆ। ਰਾਜਧਾਨੀ ਦਿੱਲੀ ਧਰਮ-ਨਿਰਪੇਖਤਾ ਤੇ ਤਹਿਜ਼ੀਬ ਦਾ ਕਸਾਈਖਾਨਾ ਬਣ ਖਲੋਤੀ।

ਤੀਰਥ ਤੇ ਬਚਨ, ਤੀਰਥ ਦੀ ਲੜਕੀ ਕਲਾਸ਼ੋ ਦੇ ਘਰ ਘਿਰ ਗਏ। ਬਚਨ ਘਬਰਾ ਗਿਆ। ਉਹਦਾ ਭੇਸ ਉਨ੍ਹਾਂ ਨਾਲ ਰਲਦਾ ਸੀ ਜਿਨ੍ਹਾਂ ਪ੍ਰਧਾਨ ਮੰਤਰੀ ਨੂੰ ਕਤਲ ਕੀਤਾ ਸੀ। ਕਲਾਸ਼ੋ ਦਾ ਪਰਾਹੁਣਾ ਜਨ ਸੰਘੀ ਸੀ। ਘਰ ਵਿਚ ਥਾਂ-ਥਾਂ ਰਾਣਾ ਪ੍ਰਤਾਪ, ਸ਼ਿਵਾ ਜੀ ਅਤੇ ਗੁਰੂ ਗੋਲਵਾਲਕਰ ਦੀਆਂ ਤਸਵੀਰਾਂ ਲਟਕ ਰਹੀਆਂ ਸਨ। ਗੁਰੂ ਗੋਬਿੰਦ ਸਿੰਘ ਦੀ ਤਸਵੀਰ ਵੀ ਸੀ। ਬਾਹਰ ਅੰਤਾਂ ਦਾ ਸ਼ੋਰ ਮੱਚਿਆ ਹੋਇਆ ਸੀ। ਬਚਨ ਹੋਰ ਡਰ ਗਿਆ। ਸੰਤਾਲੀ ਵਾਲਾ ਸਾਕਾ ਭਿਆਨਕ ਸ਼ਿੱਦਤ ਨਾਲ ਅੱਖਾਂ ਅੱਗੋਂ ਦੀ ਘੁੰਮ ਗਿਆ। ਉਹਦਾ ਦਿਲ ਕੀਤਾ ਕਿ ਪਰਾਹੁਣੇ ਦੇ ਕੱਟੜਪਣ ਬਾਰੇ ਤੀਰਥ ਨਾਲ ਗੱਲ ਕਰੇ। ਯਾਰ ਤੋਂ ਕਾਹਦਾ ਲੁਕਾ ਹੈ

— ਤੀਰਥਾ ....

ਹਾਲੀਂ ਉਹ ਇਨਾ ਹੀ ਬੋਲਿਆ ਸੀ ਕਿ ਪਰਾਹੁਣਾ ਕਾਹਲੀ-ਕਾਹਲੀ ਅੰਦਰ ਆਇਆ ਤੇ ਆਖਣ ਲੱਗਿਆ: "ਪਿਤਾ ਜੀ, ਬਾਹਰ ਲੋਕ ਪਾਗਲ ਹੋਏ ਫਿਰਦੇ ਨੇ। ਸਿੱਖਾਂ ਦੇ ਗਲਾਂ 'ਚ ਟਾਇਰ ਪਾ ਮਿੱਟੀ ਦੇ ਤੇਲ ਨਾਲ ਅੱਗ ਲਾਈ ਜਾ ਰਹੀ ਏ। ਇਹ ਹਿੰਦੂ ਸਿੱਖਾਂ ਦੇ ਫਸਾਦ ਨਹੀਂ, ਗੁੰਡਾਗਰਦੀ ਹੈ ਜਿਸ ਨੂੰ ਹਾਕਮਾਂ ਦੇ ਕੁਝ ਸ਼ਰਾਰਤੀ ਅਹੁਦੇਦਾਰਾਂ ਦੀ ਸ਼ਹਿ ਹੈ। ਤੁਸੀਂ ਸਰਦਾਰ ਚਾਚਾ ਜੀ ਨੂੰ ਅੰਦਰ ਹੀ ਲੁਕਾ ਕੇ ਰੱਖਣਾ। ਮੈਂ ਇਕ ਸਰਦਾਰ ਫੈਮਿਲੀ ਨੂੰ ਲੈਣ ਜਾ ਰਿਹਾ ਹਾਂ।"

— ਪਰ ਪੁੱਤਰ, ਜੇ ਪਾਣੀ ਸਿਰ ਉਤੋਂ ਦੀ ਲੰਘ ਗਿਆ? ... ਤੀਰਥ ਵੀ ਠਰ ਗਿਆ ਸੀ।

— ਪਹਿਲਾਂ ਅਸੀਂ ਮਰਾਂਗੇ। ਫਿਕਰ ਨਾ ਕਰਨਾ। ਪੇਟੀ 'ਚ ਬਾਰਾਂ ਬੋਰ ਦੀ ਬੰਦੂਕ ਤੇ ਪੰਜਾਹ ਰੌਂਦ ਪਏ ਨੇ। ਸਾਰੇ ਦਾਗ ਦੇਣਾ। ਤੁਸੀਂ ਫੌਜੀ ਹੋ ਨਿਸ਼ਾਨਾ ਤੇ ਪੁਜ਼ੀਸ਼ਨ ਆਪ ਲੈ ਲੈਣਾ।

ਪਰਾਹੁਣੇ ਦੀ ਗੱਲ ਸੁਣ ਬਚਨ ਦੀਆਂ ਅੱਖਾਂ ਭਰ ਆਈਆਂ। ਤੀਰਥ ਨੇ ਵੀ ਹੌਂਸਲਾ ਫੜਿਆ, "ਫਿਕਰ ਨਾ ਕਰ ਬਚਨ, ਐਤਕੀਂ ਖੇਰੇ ਵਾਲੀ ਨਹੀਂ ਹੋਵੇਗੀ। ਉਦੋਂ ਆਪਾਂ ਖਾਲੀ ਹੱਥ ਸਾਂ। ਹੁਣ ਤਾਂ ਕੋਲ ਬੰਦੂਕ ਐ ਯਾਰ! ਹਥਿਆਰ ਦਾ ਬੜਾ ਹੌਂਸਲਾ ਹੁੰਦੈ।"

ਹਵਾ ਲੰਘ ਗਈ। ਮਨੁੱਖ ਮੁੜ ਆਪਣੇ ਅਸਲੇ ਨੂੰ ਪਛਾਨਣ ਲੱਗਿਆ। ਅਸਲੇ ਨੂੰ ਪਛਾਨਣਾ ਤਾਂ ਸ਼ਾਇਦ ਬਹੁਤ ਔਖਾ ਅਮਲ ਹੋਵੇ। ਹਨੇਰ ਗਰਦੀ ਵਿਚ ਜਦੋਂ ਕੁਝ ਅਸਲੀ ਹੀ ਨਹੀਂ ਰਹਿੰਦਾ, ਫਿਰ ਅਸਲੇ ਨੂੰ ਕੌਣ ਪਛਾਣੇਗਾ। ਕਹਿਰ ਤੇ ਸ਼ੋਅਲਿਆਂ ਨੂੰ ਹਵਾ ਦੇਣ ਵਾਲੇ ਖੱਦਰ ਦੇ ਪੱਲੂ ਸੁੰਗੜ ਗਏ ਅਤੇ ਹਵਾ ਲੰਘ ਗਈ। ਤੀਰਥ ਤੇ ਬਚਨ ਦਿੱਲੀਓਂ ਪੰਜਾਬ ਨੂੰ ਚੱਲ ਪਏ। ਪਰਾਹੁਣਾ ਤੇ ਕੁੜੀ, ਇਕ ਦੋ ਹੋਰ ਬੰਦਿਆਂ ਨੂੰ ਨਾਲ ਲੈ, ਬਠਿੰਡੇ ਵਾਲੀ ਬੱਸ ਵਿਚ ਚੜ੍ਹਾ, ਉਦੋਂ ਪਰਤੇ ਜਦੋਂ ਬੱਸ ਚਲ ਪਈ। ਉਂਜ ਡਰਾਈਵਰ ਵੀ ਸਰਦਾਰ ਸੀ ਅਤੇ ਕੁਝ ਸਵਾਰੀਆਂ ਵੀ ਸਿੱਖ ਸਨ। ਹਾਲਾਤ ਖਤਰੇ ਤੋਂ ਬਾਹਰ ਜਾਪਦੇ ਸਨ।

ਬਠਿੰਡੇ ਪੁਜੇ ਤੇ ਫਰੀਦਕੋਟ ਵਾਲੀ ਬੱਸ ਵਿਚ ਆ ਬੈਠੇ। ਸ਼ਾਮ ਦੇ ਚਾਰ ਵੱਜੇ ਸਨ। ਬੜੇ ਹੀ ਖੁਸ਼ ਸਨ ਦੋਵੇਂ ਯਾਰ .... ਸੂਰਜ ਛਿਪਣ ਤੋਂ ਪਹਿਲਾਂ ਹੀ ਪਿੰਡ ਜਾ ਅਪੜਾਂਗੇ। ਵਲਾਇਤੀ ਵਿਸਕੀ ਪੀਵਾਂਗੇ ਤੇ ਵਲਾਇਤ ਦੀਆਂ ਚੰਗੀਆਂ-ਮੰਦੀਆਂ ਦੱਸਾਂਗੇ।

ਆਥਣ ਤਾਂ ਹੋ ਗਿਆ ਸੀ, ਪਰ ਸੂਰਜ ਹਾਲੀਂ ਡੁੱਬਿਆ ਨਹੀਂ ਸੀ। ਸੂਰਜ ਦੀ ਲੋਅ, ਟਾਹਲੀਆਂ ਦੇ ਪੱਤਿਆਂ ਵਿਚੋਂ ਦੀ ਪੁਣ-ਪੁਣ ਲੰਘਦੀ ਧੁੰਦਲੀ ਹੋ ਗਈ ਸੀ ਅਤੇ ਬਾਰੀਆਂ ਦੇ ਲਾਗੇ ਬੈਠੀਆਂ ਸਵਾਰੀਆਂ 'ਤੇ ਮੱਧਮ ਹੋ ਹੋ ਡਿਗ ਰਹੀ ਸੀ। ਹੁਣੇ ਸੂਰਜ ਦਾ ਲਾਲ ਗੋਲਾ ਦੂਰ ਪੱਛਮ ਵਿਚ ਗੋਡੀ ਮਾਰ ਜਾਵੇਗਾ ਅਤੇ ਮੁਸਾਫਰਾਂ ਦੀਆਂ ਦੇਹਾਂ ਲਾਲ ਅੱਗ ਵਿਚ ਗਲੇਫੀਆਂ ਜਾਣਗੀਆਂ।

ਤੀਰਥ ਨੇ ਪਿਛਾਂਹ ਨਜ਼ਰ ਮਾਰ ਮੁਸਾਫਰਾਂ ਵੱਲ ਤੱਕਿਆ ਤੇ ਨਾਲ ਬੈਠੇ ਬਚਨ ਨੂੰ ਆਖਣ ਲੱਗਿਆ, "ਆਏਂ ਮਿੱਸੇ ਜਿਹੇ ਲੋਕ ਬਲਾ ਸੋਹਣੇ ਲੱਗਦੇ ਨੇ; ਜਿਵੇਂ ਟੱਬਰ ਵਿਚ ਮੁੰਡੇ ਵੀ ਹੋਣ ਤੇ ਕੁੜੀਆਂ ਵੀ ਹੋਣ। ਨਹੀਂ?"

"ਇਹ ਤਾਂ ਹੈ। ਫਸਲ ਵੀ ਜੇ ਇਕੋ ਹੀ ਬੀਜੀ ਜਾਈਏ ਤਾਂ ਜ਼ਮੀਨ ਬੜੀ ਕਮਜ਼ੋਰ ਪੈ ਜਾਂਦੀ ਐ।"

ਇੰਜ ਆਖ ਬਚਨ ਨੇ ਬਾਹਰ ਵੇਖਿਆ। ਬੱਸ ਥੇਹ ਹੋਏ ਭੱਠੇ ਕੋਲੋਂ ਦੀ ਲੰਘ ਰਹੀ ਸੀ। ਥੇਹ 'ਤੇ ਉਗਿਆ ਘਾਹ-ਫੂਸ ਵੇਖ ਤੀਰਥ ਨੂੰ ਆਖਣ ਲੱਗਿਆ, "ਐਤਕੀਂ ਯਾਰ, ਖੇਰੇ ਦੀ ਕਬਰ ਵੀ ਰੁਲੀ ਪਈ ਹੋਵੇਗੀ। ਪਤਾ ਨੀ ਮੁੰਡਿਆਂ ਨੇ ਸਫਾਈ ਕੀਤੀ ਹੋਵੇਗੀ ਕਿ ਨਹੀਂ।"

"ਲਿਖਿਆ ਤਾਂ ਆਪਾਂ ਬੜੀ ਤਕੀਦ ਨਾਲ ਸੀ ... ਜੇ ਨਾ ਕੀਤੀ ਹੋਈ ਤਾਂ ਕਲ੍ਹ ਨੂੰ ਪਹਿਲਾ ਕੰਮ ਇਹੀ ਕਰਾਂਗੇ।" ਤੀਰਥ ਨੇ ਆਖਿਆ।

ਬਚਨ ਨੇ ਹੌਕਾ ਲਿਆ। ਬੋਲਿਆ, "ਜੇ ਦਿੱਲੀ ਮੇਰਾ ਚੌਂਟਾਂ ਚੱਕ ਦਿੰਦੇ, ਫੇਰ ਤਾਂ ਤੈਨੂੰ ਇਕ ਦੀ ਥਾਂ ਦੋ ਕਬਰਾਂ ਦੀ ਸਫਾਈ ਕਰਨੀ ਪੈਣੀ ਸੀ" ...

ਤੀਰਥ ਨੇ ਬਚਨ ਨੂੰ ਗਲਵੱਕੜੀ ਪਾ ਲਈ ਤੇ ਬੋਲਿਆ, "ਇਕ ਨਹੀਂ ਦੋ ਲਾਸ਼ਾਂ ਅੰਦਰੋਂ ਨਿਕਲਦੀਆਂ। ਸੌਂਹ ਪਿਉ ਦੀ ਮੈਂ ਫੈਸਲਾ ਕਰ ਲਿਆ ਸੀ ਕਿ ਐਤਕੀਂ ਭੂਤਾਂ ਤੋਂ ਯਾਰ ਨੀ ਮਰਵਾਉਣਾ। ਸੰਤਾਲੀ ਵੇਲੇ ਤਾਂ ਆਪਾਂ ਨਿਆਣੇ ਸਾਂ। ਆਪਾਂ ਨੂੰ ਬਾਜੇ ਵਾਲੇ ਪੁਲ 'ਤੇ ਲੜ ਕੇ ਮਰਨਾ ਚਾਹੀਦਾ ਸੀ।"

"ਤੂੰ ਠੀਕ ..." ਬਚਨ ਦੇ ਗੱਲ ਗਲ ਵਿਚ ਹੀ ਅੜ ਗਈ ਜਦੋਂ ਸਟੇਨਗੰਨ ਵਾਲੇ ਦੋ ਸਿੱਖ ਮੁੰਡੇ ਅੱਗ ਵਾਂਗ ਉਠੇ ਤੇ ਗੱਜ ਕੇ ਬੋਲੇ: ਖਬਰਦਾਰ! ਜੇ ਕੋਈ ਹਿਲਿਆ ਜਾਂ ਬੋਲਿਆ। ਤੀਵੀਆਂ, ਬੱਚੇ ਤੇ ਸਿੱਖ ਸਵਾਰੀਆਂ ਬਾਹਰ ਨਿਕਲ ਜਾਵੋ। ਹਿੰਦੂ ਕੁੱਤੇ ਜਿਥੇ ਬੈਠੇ ਨੇ ਨੀਵੀਆਂ ਪਾ ਲਵੋ। ਛੇਤੀ ਕਰੋ, ਛੇਤੀ!"

ਤੀਜੇ ਨੇ ਡਰਾਈਵਰ ਦੀ ਧੌਣ 'ਤੇ ਪਸਤੌਲ ਰੱਖ ਬੱਸ ਖੜ੍ਹੀ ਕਰਵਾ ਲਈ। ਇਕ ਸਕਤਾ ਛਾ ਗਿਆ, ਜਿਵੇਂ ਸਰਾਲ ਸਾਰਾ ਸਾਹ ਪੀ ਗਈ ਹੋਵੇ ਬਚਨ ਨੇ ਤੀਰਥ ਦਾ ਹੱਥ ਫੜਿਆ ਤੇ ਘੁੱਟਿਆ। ਤੀਰਥ ਨੂੰ ਪਤਾ ਨਹੀਂ ਕੀ ਹੋਇਆ ਕਿ ਉਠ ਕੇ ਖਲੋ ਗਿਆ। ਬੋਲਿਆ: "ਭਾਈ, ਇਹ ਤਾਂ ਭੋਲੇ-ਭਾਲੇ ਲੋਕ ਨੇ। ਇਹਨਾਂ ਨੂੰ ਕਿਉਂ ਮਾਰਦੇ ਹੋ। ਮਾਰੋ ਜਿਹੜੇ .....

ਤਾੜ-ਤਾੜ ਵਾਛੜ ਹੋਈ। ਤੀਰਥ ਥਾਏਂ ਢੇਰੀ ਹੋ ਗਿਆ। ਬਚਨ ਨੇ ਤੀਰਥ ਨੂੰ ਸਹਾਰਾ ਦੇਣ ਦੀ ਕੋਸ਼ਿਸ਼ ਕੀਤੀ। ਫਿਰ ਇਕਦਮ ਡਰੀਆਂ-ਸਹਿਮਦੀਆਂ ਤੇ ਹੇਠਾਂ ਵੱਲ ਨੱਸਦੀਆਂ ਸਵਾਰੀਆਂ ਵਲ ਮੂੰਹ ਕਰਕੇ ਗਰਜਿਆ: "ਸਾਲਿਓ, ਹੀਜੜਿਓ, ਮਰੇ ਹੋਏ ਹੋ। ਆਪਾਂ ਚਾਲੀ ਪੰਜਾਹ ਤੇ ਇਹ ਤਿੰਨ!" ਫਿਰ ਬਾਹਾਂ ਉਲਾਰ ਕਾਤਲਾਂ ਵੱਲ ਉਲਰਿਆ, ਪਰ ਥਾਏਂ ਡਿੱਗ ਪਿਆ। ਤਾੜ-ਤਾੜ ਗੋਲੀਆਂ ਚੱਲੀਆਂ ਤੇ ਕਾਤਲ ਤਿੱਤਰ ਹੋ ਗਏ।

ਡਰਾਈਵਰ ਨੇ ਕੰਬਦੇ ਪਰ ਜ਼ਿੰਮੇਦਾਰ ਹੱਥਾਂ ਨਾਲ ਬੱਸ ਗੋਨਿਆਣੇ ਮੰਡੀ ਦੇ ਹਸਪਤਾਲ ਵਲ ਸਿੱਧੀ ਕਰ ਲਈ। ਬੱਸ ਵਿਚ ਹਰਕਤ ਵੀ ਸੀ, ਸੱਨਾਟਾ ਵੀ, ਚੀਕਾਂ ਵੀ, ਵਾਹਖ਼ਰੂ-ਵਾਹਖ਼ਰੂ ਤੇ ਰਾਮ-ਰਾਮ ਵੀ, ਲਹੂ ਵੀ, ਲੋਥਾਂ ਵੀ ਤੇ ਜ਼ਖ਼ਮੀ ਵੀ। ਪਰ ਵੇਖਣ ਵਾਲੀ ਗੱਲ ਇਹ ਸੀ ਕਿ ਨਿਤਾਣੀ ਸਮਝਣ ਵਾਲੀ ਔਰਤ ਨੇ ਵਾਵਰੋਲੇ ਦਾ ਰੂਪ ਧਾਰ ਲਿਆ। ਨਵੀਆਂ ਚੁੰਨੀਆਂ ਪਾੜ-ਪਾੜ ਪੱਟੀਆਂ ਬੰਨ੍ਹੀਆਂ। ਵਹਿੰਦੇ ਲਹੂ ਨੂੰ ਆਪਣੇ ਲਾਲ ਸ਼ਾਲਾਂ ਤੇ ਸਾਲੂਆਂ ਨਾਲ ਡੱਕ ਦਿੱਤਾ।

ਗੋਨਿਆਣਾ ਮੰਡੀ ਦੇ ਹਸਪਤਾਲ ਵਿਚ ਉਹ ਕੁਝ ਕੀਤਾ ਗਿਆ ਜੋ ਇੰਡੀਆ ਦੇ ਹਸਪਤਾਲਾਂ ਵਿਚ ਕੀਤਾ ਜਾਂਦਾ ਹੈ। ਪੁਲਿਸ ਆਈ, ਜਦੋਂ ਸਭ ਕੁਝ ਠੰਡਾ ਹੋ ਗਿਆ ਅਤੇ ਥੱਬੇ ਕਾਗਜ਼ਾਂ ਦੇ ਲੈ ਕੇ ਬਹਿ ਗਈ। ਬੱਚਿਆਂ ਨੂੰ ਦੁੱਧ ਮਿਲੇ ਭਾਵੇਂ ਨਾ ਮਿਲੇ, ਪੁਲਿਸ ਦੀ ਕਾਰਵਾਈ ਪੂਰੀ ਹੋਣ ਤੋਂ ਪਹਿਲਾਂ ਜੇ ਕੋਈ ਹਿਲਿਆ ਤਾਂ ਠਾਣੇ ਲਿਜਾ ਕੇ ਚਮੜੀ ਉਧੇੜ ਦਿੱਤੀ ਜਾਵੇਗੀ। ਹਰ ਕੋਈ ਸਵਾਲ ਹੀ ਪੁੱਛੀ ਜਾ ਰਿਹਾ ਸੀ:

— ਕਿੰਨੇ ਮਰੇ?

— ਤਿੰਨ ਮਰੇ ਤੇ ਪੰਜ ਜ਼ਖ਼ਮੀ ਨੇ।

— ਬੱਸ 'ਚ ਹਿੰਦੂ ਕਿੰਨੇ ਸਨ?

— ਇੱਕੀ!

— ਬਈ, ਇਹ ਵਾੜੇ ਵਾਲੇ ਜਿਗਰੀ ਯਾਰ ਜੀਵੇ ਵੀ 'ਕੱਠੇ ਤੇ ਮਰੇ ਵੀ 'ਕੱਠੇ! ਵਾਹ! ... ਇਕ ਅਮਲੀ ਨੇ ਤਬਸਰਾ ਕੀਤਾ।

— ਜੇ ਇਹ ਆਏਂ ਨਾ ਕਰਦੇ ਤਾਂ ਇੱਕੀ ਦੇ ਇੱਕੀ ਮਰ ਜਾਣੇ ਸਨ

# ਤਿੰਨੇ ਬਿੱਲ ਮਾੜੇ

## ਸਾਧੂ

ਪਹਿਲੇ ਰਾਜੇ ਦਾ ਜਦ ਦਿਸ ਪਿਆ ਅਸਲੀ ਚੇਹਰਾ
ਰਾਜਿਆਂ ਦੀ ਬਰਾਦਰੀ 'ਚ ਛਾ ਗਿਆ ਡਰ ਤੇ ਹਨੇਰਾ
ਲੱਖਾਂ ਲਾ ਟਰਾਂਟੋ ਤੋਂ ਉਹਨੀ 'ਬਲੂ ਮਸ਼ੀਨ' ਮੰਗਾਈ
ਭੋਲੇ ਭਾਲੇ ਲੋਕਾਂ ਨੂੰ ਫਾਹੁਣ ਦੀ ਨਵੀਂ ਚਾਲ ਬਣਾਈ
ਇਕ ਪੁਰਾਣੇ ਮੂੰਹ ਤੇ ਨਵੀਂ ਝਾਲ ਉਹਨੀ ਫੇਰੀ
ਖ੍ਰੀਦੇ ਧੁਤਰੂਆਂ ਸਿਫਤਾਂ ਦੀ ਲਿਆ 'ਤੀ 'ਨ੍ਹੇਰੀ
ਉਹਦਾ ਹੱਸਦਾ ਚੇਹਰਾ ਦੇਖਕੇ ਕੁਝ ਲੋਕਾਂ ਨੂੰ ਹੋ ਗਿਆ ਵਹਿਮ
ਕਹਿੰਦੇ ਸਾਨੂੰ ਬਚਾਉਣ ਲਈ ਆ ਗਿਆ ਦੇਵਤਾ ਵੈਂਡਰਜ਼ੈਮ
ਸਾਡੇ ਵੀ ਕਦੀ ਫਿਰਦੇ ਸੀ ਭੜੂਏ ਚੁੱਕੀ ਸੋਕਰਡ ਦਾ ਫੱਟਾ ਮੇਨ ਤੇ
ਕਹਿੰਦੇ ਵੋਟ ਇਹਨੂੰ ਪਾਓ, ਕਿਉਂ ਐਵੇਂ ਭਾਰ ਪਾਉਂਦੇ ਹੋ 'ਬਰੇਨ' ਤੇ
ਕੰਮਾਂ ਤੋਂ ਥੱਕੇ ਹਾਰੇ ਕਈ ਮੰਨ ਗਏ ਗੱਲ
ਭੁੱਲ ਗਏ ਇਸ 'ਜ਼ਾਲਮ' ਨੇ ਕੀਤਾ ਜੋ ਕੱਲ
ਉਹ ਭੁੱਲ ਗਏ ਕਿ ਇਹ ਤਾਂ ਛਲੇਡਾ, ਬੜਾ ਹੀ ਅਪਰਾਧੀ
ਇਸੇ ਲਈ ਵੈਨਕੂਵਰੀਏ 'ਮਾਈਕੀ' ਤੋਂ ਇਹਨੇ ਕੁੱਟ ਸੀ ਖਾਧੀ
ਬਹਿ ਕੇ ਗੱਦੀ 'ਜਾਲਮ' ਨੇ ਪਹਿਲਾ ਕੰਮ ਇਹ ਕੀਤਾ
ਕਾਮਿਆਂ ਦੇ ਹੱਕਾਂ ਦੇ ਖੂਨ ਦਾ ਪਿਆਲਾ ਭਰ ਪੀਤਾ
ਬਿੱਲ ਉਨੀ ਤੇ ਬਿੱਲ ਵੀਹ ਜਦ ਲਿਆ ਖੜੇ ਕੀਤੇ
ਬਚਦੇ ਖੁਚਦੇ ਵੀ ਮਿਟ ਗਏ ਸਾਰੇ ਸ਼ੱਕ ਉਹਦੀ ਨੀਤ 'ਤੇ
ਵੀਹ ਬਣਾਇਆ ਕਾਨੂੰਨ ਮਾਸਟਰਾਂ ਨੂੰ ਸਬਕ ਸਿਖਾਉਣ ਲਈ
ਉਨੀ ਵੀ ਹੁਣ ਦੂਰ ਨਹੀਂ ਕਾਮਿਆਂ ਦਾ ਮੁਰਗਾ ਬਣਾਉਣ ਲਈ
ਵੈਂਡਰਜ਼ਾਮ ਕਹੇ ਇਹਨਾਂ 'ਚੰਗੇ ਬਿੱਲਾਂ ਨਾਲ ਮੁਕਣੇ ਸਾਰੇ ਪੁਆੜੇ'
ਲੋਕੀਂ ਕਹਿਣ 'ਬਿੱਲ ਉਨੀ, ਵੀਹ ਤੇ ਵੈਂਡਰਜ਼ਾਮ, ਤਿੰਨੇ ਬਿੱਲ ਮਾੜੇ'

# ਤੇਰਾ ਲਹੂ ਮੇਰਾ ਲਹੂ

## ਬਾਬੂ ਨਿਰਮਲ ਸਿੰਘ 'ਨਾਜ਼' ਵਿਨੀਪੈਗ

ਡੁਲ ਗਿਆ ਗਲੀਆਂ 'ਚ ਜਦ ਤੇਰਾ ਲਹੂ, ਮੇਰਾ ਲਹੂ,
ਕੌਣ ਪੁੱਛਦਾ ਹੈ ਭਲਾ, ਵਗਦਾ ਹੈ ਇਹ ਕਿਸਦਾ ਲਹੂ!

ਕੋਈ ਹਿੰਦੂ, ਕੋਈ ਮੁਸਲਿਮ, ਕੋ ਸਿੱਖ ਹੋਵੇ ਤਾਂ ਕੀ?
ਲੜਦਿਆਂ ਦੀਵਾਨਿਆਂ ਦਾ ਰੁਲ ਗਿਆ, ਸਭ ਦਾ ਲਹੂ!

ਆ ਗਏ ਲੋਥਾਂ ਉਠਾ ਕੇ ਲੈ ਗਏ ਫਿਰਕਾਪ੍ਰਸਤ,
ਮਰ ਕੇ ਆਖਿਰ ਮਿਲ ਗਿਆ ਆਪਸ 'ਚ ਸਭਨਾਂ ਦਾ ਲਹੂ

ਆ ਗਏ ਮੁਨਸਿਫ, ਕਾਨੂੰਨੀ ਕਾਰਵਾਈ ਕਰਨ ਨੂੰ!
ਕੌਣ ਦੱਸੇ ਕਿਸ ਦੀ ਖਾਤਰ ਡੁਲ੍ਹਿਆ ਕਿਸ, ਕਿਸ ਦਾ ਲਹੂ!

ਫੜ ਲਏ ਕੁਝ ਬੇ-ਗੁਨਾਹ ਮਸ਼ਕੂਕ ਮੁਲਜ਼ਿਮ ਜਾਣ ਕੇ,
ਠਾਣਿਆਂ ਵਿਚ ਹੁਣ ਪਿਆ ਸੁੱਕਦਾ ਹੈ, ਉਹਨਾਂ ਦਾ ਲਹੂ

ਆ ਗਿਆ ਤਿਉਹਾਰ ਹੋਲੀ ਖੂਨ ਦੀ ਖੇਲੋ ਪਏ,
ਰੰਗ ਤਾਂ ਮਹਿੰਗਾ ਹੈ, ਲੇਕਨ ਹੈ ਬਹੁਤ ਸਸਤਾ ਲਹੂ!

ਯਾਰ ਦੇ ਕਦਮਾਂ 'ਚ ਜਦ ਡੁਲਿਆ ਕਦੀ ਮੇਰਾ ਲਹੂ
ਹੁਸਨ ਨੂੰ ਗਰਮਾ ਗਿਆ, ਚਮਕਾ ਗਿਆ ਮੇਰਾ ਲਹੂ।

* * * * *

ਬਲਦੇ ਸਿਵਿਆਂ ਵਿਚ ਡੱਕੇ ਸੁੱਟ ਲੋਕ ਘਰਾਂ ਨੂੰ ਪਰਤ ਗਏ। ਕਾਹਨ ਸਿੰਘ ਰਾਖੀ ਲਈ ਪਿੱਛੇ ਰੁਕ ਗਿਆ। ਉਠਦੀਆਂ ਲਾਟਾਂ ਬੌਣੀ ਕੰਧ ਨੂੰ ਚੀਰਦੀਆਂ ਖੇਰੇ ਦੀ ਕਬਰ ਨੂੰ ਗਰਮਾ ਰਹੀਆਂ ਸਨ। ਦੂਰ ਚੁਲ੍ਹਿਆਂ ਵਲ ਸੂਰਜ ਦੇਵਤਾ ਨੇ ਗੋਡਿਆਂ-ਭਾਰ ਹੋ ਸਲਾਮੀ ਦਿੱਤੀ ਤੇ ਛਿਪ ਗਿਆ। ਅੱਗ ਹੁਣ ਮਾਂਦ ਪੈ ਗਈ ਸੀ। ਕਾਹਨ ਸਿੰਘ ਨੇ ਸੋਹਣੇ ਜਿਹੇ ਦੋ ਡੱਕੇ ਚੁੱਕੇ ਤੇ ਦੋਹਾਂ ਦੇ ਸਿਵਿਆਂ 'ਤੇ ਸੁੱਟਣ ਹੀ ਲੱਗਿਆ ਸੀ ਕਿ ਪਤਾ ਨਹੀਂ ਉਹ ਦੇ ਮਨ ਵਿਚ ਕੀ ਆਇਆ ਕਿ ਰੁਕ ਗਿਆ। ਪਲ ਕੁ ਰੁਕਿਆ ਰਿਹਾ। ਫਿਰ ਖੇਰੇ ਦੀ ਕਬਰ ਵੱਲ ਵਧਿਆ ਤੇ ਉਥੋਂ ਇਕ ਛਾਂਟਵਾਂ ਡੱਕਾ ਚੁੱਕ ਲਿਆ। ਫਿਰ ਤਿੰਨਾਂ ਡੱਕਿਆਂ ਨੂੰ ਆਪਣੀਆਂ ਹਥੇਲੀਆਂ ਵਿਚ ਗਰਮਾਉਂਦਾ ਪਿੰਡ ਵੱਲ ਤੁਰ ਪਿਆ। ਹਨੇਰਾ ਉਤਰ ਆਇਆ ਸੀ। ਬੁੱਢੇ ਕਾਮਰੇਡ ਦੇ ਪੈਰਾਂ ਵਿਚ ਬਹੁਤੀ ਰਵਾਨੀ ਨਹੀਂ ਸੀ, ਪਰ ਧੁਰ ਤੀਕ ਪੱਸਰੇ ਹਨੇਰੇ ਵਿਚ ਪੈਰ ਧਰੀਕਦਾ ਨਿਰੰਤਰ ਤੁਰਿਆ ਜਾ ਰਿਹਾ ਤੇ ਤਿੰਨ ਛਾਂਟਵੇ ਡੱਕੇ ਉਹਦੇ ਹੱਥਾਂ ਦੇ ਨਿੱਘ ਵਿਚ ਹਰਕਤ ਕਰ ਰਹੇ ਸਨ।

GM WESTMINSTER

12th. STREET AT QUEENS AVE., NEW WESTMINSTER, B.C.

ਆਪ ਨਵੀਂ ਜਾਂ ਪੁਰਾਣੀ ਕਾਰ ਵੇਚਣੀ ਜਾਂ ਖ੍ਰੀਦਣੀ ਚਾਹੁੰਦੇ ਹੋ ਤਾਂ ਵਧੀਆ ਡੀਲ ਲਈ ਪ੍ਰੋਫੈਸ਼ਨਲ ਸੇਲਜ਼ਮੈਨ

ਗੁਰਜੀਤ ਬਾਵਾ ਢੀਂਡਸਾ

ਨੂੰ ਜ਼ਰੂਰ ਮਿਲੋ ਜਾਂ ਫੋਨ ਕਰੋ। ਉਹ ਤੁਹਾਨੂੰ ਵਧੀਆ ਕਾਰ ਵਾਜ਼ਬ ਕੀਮਤ ਤੇ ਦਿਵਾਉਣ ਦਾ ਵਾਅਦਾ ਕਰਦੇ ਹਨ।

- ਥੋੜ੍ਹੀ ਜਿਹੀ ਡਾਊਨ ਪੇਮੈਂਟ ਦੇ ਕੇ ਆਸਾਨ ਕਿਸ਼ਤਾਂ ਤੇ ਕਾਰ ਦਿਵਾ ਸਕਦੇ ਹਨ।

WESTMINSTER GM ਵਾਲਿਆਂ ਦੇ ਨਵੇਂ ਸ਼ੋਅਰੂਮ ਵਿਚ 1987 ਦੇ ਮਾਡਲ ਹੁਣ ਪਹੁੰਚ ਗਏ ਹਨ ਤੇ 1986 ਦੇ ਮਾਡਲਾਂ ਤੇ ਸੇਲ ਅਜੇ ਵੀ ਚੱਲ ਰਹੀ ਹੈ। ਨਵੇਂ ਸ਼ੋਅਰੂਮ ਵਿਚ ਆਓ ਤੇ ਸੇਲ ਦਾ ਫਾਇਦਾ ਉਠਾਓ!

BUS. 521-7731

Pager 687-1985 #5531





ਗੁਰਜੀਤ ਢੀਂਡਸਾ ਬਾਵਾ

# ਬੰਗਾਲ ਵਿੱਚ ਪੰਜਾਬੀ ਪੱਤਰਕਾਰੀ

ਗਿਆਨੀ ਭਜਨ ਸਿੰਘ (ਪੰਜਾਬੀ ਸਮਾਚਾਰ ਸੇਵਾ)

ਪੰਜਾਬ ਤੋਂ ਬਾਹਰ ਪਹਿਲਾਂ ਪੰਜਾਬੀ ਅਖਬਾਰ ਗ਼ਦਰ ਲਹਿਰ ਸਮੇਂ ਅਮਰੀਕਾ ਤੋਂ 'ਗ਼ਦਰ ਗੂੰਜਾਂ' ਨਿਕਲਿਆ ਸੀ ਜੋ ਉਸ ਸਮੇਂ ਇਕੋ ਵੇਲੇ ਪੰਜਾਬੀ ਸਮੇਤ ਅੱਠ ਭਾਸ਼ਾਵਾਂ ਵਿੱਚ ਛਪਦਾ ਸੀ ਤੇ ਉਸਦੀ ਛਪਣ ਗਿਣਤੀ 1914 ਵਿਚ ਦਸ ਲੱਖ ਤੋਂ ਵਧੇਰੇ ਸੀ। ਉਹ ਅਜੇਹਾ ਅਖਬਾਰ ਸੀ ਜੋ ਇਨਕਲਾਬੀ ਖਬਰਾਂ, ਲੇਖਾਂ ਤੇ ਹੋਰ ਇਹੋ ਜਿਹੀ ਸਾਮਿਗਰੀ ਨਾਲ ਪੰਜਾਬੀ ਤੇ ਬੰਗਾਲੀ ਵਿਚ ਪ੍ਰਕਾਸ਼ਿਤ ਹੁੰਦਾ ਸੀ। ਹਿੰਦੁਸਤਾਨ ਵਿਚ ਪੰਜਾਬ ਤੋਂ ਬਾਹਰ ਪੰਜਾਬੀ ਪੱਤਰਕਾਰੀ ਦਾ ਪਹਿਲਾ ਕੇਂਦਰ ਕਲਕੱਤਾ ਹੀ ਬਣਿਆ ਤੇ ਅਜ ਤੱਕ ਪੰਜਾਬ ਤੋਂ ਬਾਹਰ ਸਿਰਫ ਕਲਕੱਤੇ ਤੋਂ ਹੀ ਰੋਜ਼ਾਨਾ ਪੰਜਾਬੀ ਅਖਬਾਰ ਸਫਲਤਾ ਪੂਰਵਕ ਪ੍ਰਕਾਸ਼ਤ ਹੁੰਦੇ ਆ ਰਹੇ ਹਨ

## "ਕਵੀ" ਮਾਸਕ ਪੱਤਰ :

ਬੰਗਾਲ ਦੀ ਰਾਜਧਾਨੀ ਕਲਕੱਤਾ ਤੋਂ ਅਪਰੈਲ 1927 ਵਿਚ ਸ: ਮੁਨਸ਼ਾ ਸਿੰਘ 'ਦੁਖੀ' ਨੇ ਕਵੀ ਕੁਟੀਆ ਰਾਹੀਂ ਪੰਜਾਬੀ ਦਾ ਮਾਸਕ ਪੱਤਰ 'ਕਵੀ' ਸ਼ੁਰੂ ਕੀਤਾ। ਇਸ ਦਾ ਨਿਸ਼ਾਨਾ ਪੰਜਾਬੀ ਸਾਹਿਤ ਤੇ ਕਵਿਤਾ ਦਾ ਪਰਖ ਪੜਚੋਲ ਕਰਨਾ ਸੀ। ਇਸ ਖੇਤਰ ਵਿਚ ਜਿਹੜੀਆਂ ਲੀਹਾਂ 'ਕਵੀ' ਮਾਸਕ ਪੱਤਰ ਨੇ ਪਾਈਆਂ ਉਹ ਅਜ ਵੀ ਗਾਡੀ ਰਾਹ ਦਾ ਕੰਮ ਦਿੰਦੀਆਂ ਹਨ। ਇਹ ਸ: ਮਨਸ਼ਾ ਸਿੰਘ ਦੁਖੀ ਉਹੀ ਇਨਕਲਾਬੀ ਸਾਹਿਤਕਾਰ ਸਨ ਜਿਹਨਾਂ ਦੀਆਂ ਕਵਿਤਾਵਾਂ ਗ਼ਦਰ ਲਹਿਰ ਸਮੇਂ 'ਗ਼ਦਰ ਦੀਆਂ ਗੂੰਜਾਂ' ਵਿਚ ਆਮ ਪ੍ਰਕਾਸ਼ਤ ਹੁੰਦੀਆਂ ਸਨ। 'ਦੁਖੀ' ਜੀ ਨੇ ਇਹਨਾਂ ਰਚਨਾਵਾਂ ਕਾਰਨ ਜੇਲ ਯਾਤਰਾ ਵੀ ਕੀਤੀ ਤੇ ਫਿਰ ਗੁਪਤਵਾਸ ਜੀਵਨ ਬੰਗਾਲ ਵਿਚ ਗੁਜ਼ਾਰਿਆ। ਇਸ ਸਮੇਂ ਹੀ ਕਲਕੱਤੇ ਵਿਚ ਪੰਜਾਬੀ ਸਾਹਿਤ ਪ੍ਰੇਮੀਆਂ ਦਾ ਸੰਗਠਨ ਕਾਇਮ ਕਰਕੇ 'ਕਵੀ ਕੁਟੀਆ' ਵੱਲੋਂ ਕਵੀ ਮਾਸਕ ਪੱਤਰ ਸ਼ੁਰੂ ਕੀਤਾ।

ਡਾ: ਦੀਵਾਨ ਸਿੰਘ ਕਾਲੇ ਪਾਣੀ ਤੇ ਐਸ ਐਸ ਭਿਖਾਰੀ ਇਸ 'ਕਵੀ' ਪੱਤਰ ਦੇ ਸ: ਮੁਨਸ਼ਾ ਸਿੰਘ ਦੁਖੀ ਦੇ ਨਾਲ ਸਹਾਇਕ ਸੰਪਾਦਕ ਸਨ। ਪਹਿਲਾਂ ਨਿਰੋਲ ਸਾਹਿਤਕ ਪਰ ਪਿਛੋਂ ਹੌਲੀ ਹੌਲੀ ਰਾਜਨੀਤਕ ਵਿਸ਼ੇ ਵੀ ਲਏ ਜਾਣ ਲਗ ਪਏ। ਆਮ ਤੌਰ ਤੇ ਸਮੱਸਿਆ ਤੇ ਕਵਿਤਾਵਾਂ ਹੁੰਦੀਆਂ ਸਨ। ਇਕ ਵਾਰ ਸਮੱਸਿਆ ਸੀ 'ਹਾਇ ਗਲੋਂ ਹਾਰ ਗੁਲਾਮੀ ਦਾ' ਤੇ ਇਸ ਤੇ ਦੁਖੀ ਜੀ ਦੀ ਆਪਣੀ ਕਵਿਤਾ ਦਾ ਇਕ ਬੰਦ ਸੀ :

ਕਦ ਤੱਕ ਭਟਕੂਗਾ,
ਲਾਚਾਰ ਗੁਲਾਮੀ ਦਾ।
ਕਦ ਤੱਕ ਅਟਕੂਗਾ,
ਇਹ ਗ੍ਰਿਫਤਾਰ ਗੁਲਾਮੀ ਦਾ।
ਕਦ ਤਕ ਤੜਫੂਗਾ,
ਬੇਜ਼ਾਰ ਗੁਲਾਮੀ ਦਾ।
ਕਦ ਤਕ ਸਿਸਕੂਗਾ,
ਬੀਮਾਰ ਗੁਲਾਮੀ ਦਾ।
ਕ਼ਦ ਤਕ ਨ ਲਹੂ,
ਹਾਇ ਗਲੋਂ ਹਾਰ ਗੁਲਾਮੀ ਦਾ।

'ਕਵੀ' ਮਾਸਕ ਪੱਤਰ ਨੂੰ ਉਸ ਵੇਲੇ ਦੇ ਸਾਰੇ ਕਵੀਆਂ ਦਾ ਮਿਲਵਰਤਣ ਹਾਸਲ ਰਿਹਾ ਪਰ ਵਪਾਰਕ ਪੱਖੋਂ 'ਕਵੀ' ਕਮਜ਼ੋਰ ਸੀ ਇਸ ਲਈ ਬਹੁਤੀ ਲੰਮੀ ਨ ਭੋਗ ਸਕਿਆ। ਜਦੋਂ ਸ: ਮੁਨਸ਼ਾ ਸਿੰਘ ਦੁਖੀ ਕਲਕੱਤਾ ਛਡਕੇ ਪੰਜਾਬ ਆ ਗਏ ਤਾਂ 'ਕਵੀ' ਰਸਾਲਾ ਵੀ ਬੰਦ ਹੋ ਗਿਆ।

## ਰੋਜ਼ਾਨਾ 'ਦੇਸ਼ ਦਰਪਣ'

ਸ: ਨਿਰੰਜਨ ਸਿੰਘ ਤਾਲਿਬ ਨੇ 1930 ਵਿਚ ਕਲਕੱਤੇ ਤੋਂ ਪੰਜਾਬੀ ਦਾ ਰੋਜ਼ਾਨਾ ਅਖਬਾਰ ਦੇਸ਼ ਦਰਪਣ ਸ਼ੁਰੂ ਕੀਤਾ ਜੋ ਪਿਛਲੇ 56 ਸਾਲਾਂ ਤੋਂ ਸਫਲਤਾ ਪੂਰਬਕ ਪ੍ਰਕਾਸ਼ਤ ਹੁੰਦਾ ਆ ਰਿਹਾ ਹੈ। ਪੰਜਾਬ ਤੋਂ ਬਾਹਰ ਇਹ ਪਹਿਲਾ ਪੰਜਾਬੀ ਰੋਜ਼ਾਨਾ ਅਖਬਾਰ ਹੈ। ਆਜ਼ਾਦੀ ਦੇ ਸੰਗਰਾਮ ਵਿਚ ਕਈ ਵਾਰ 'ਦੇਸ਼ ਦਰਪਣ' ਦੇ ਦਫਤਰ ਨੂੰ ਜੰਦਰੇ ਵਜੇ ਤੇ ਬੰਦ ਕੀਤਾ ਗਿਆ ਪਰ ਫਿਰ ਨਿਕਲ ਆਉਂਦਾ ਰਿਹਾ। ਤਾਲਿਬ ਜੀ ਤੋਂ ਪਿਛੋਂ ਕਈ ਮਾਲਕ ਬਦਲੇ ਪਰ ਅਜ ਵੀ ਇਹ ਪ੍ਰਭਾਵਸ਼ਾਲੀ ਅਖਬਾਰ ਚਲ ਰਿਹਾ ਹੈ। 'ਦੇਸ਼ ਦਰਪਣ' ਸ਼ੁਰੂ ਕਰਨ ਵਾਲੇ ਤੇ ਇਸ ਦੇ ਪਹਿਲੇ ਸੰਪਾਦਕ ਸ: ਨਿਰੰਜਨ ਸਿੰਘ ਤਾਲਿਬ ਦਾ ਜਨਮ 1901 ਵਿਚ ਰਿਆਸਤ ਨਾਭਾ ਦੇ ਜ਼ੈਲਦਾਰ ਰਤਨ ਸਿੰਘ ਦੇ ਘਰ ਹੋਇਆ। ਦਸਵੀਂ ਪਾਸ ਕਰਕੇ ਮਹਾਰਾਜਾ ਨਾਭਾ ਸ: ਗੁਰਚਰਨ ਸਿੰਘ ਦੇ ਨਿਜੀ ਸਟਾਫ ਵਿਚ ਭਰਤੀ ਹੋ ਗਏ। ਕੁਝ ਸਮੇਂ ਪਿਛੋਂ ਰਾਇਲ ਏਅਰ ਫੋਰਸ ਵਿਚ ਭਰਤੀ ਹੋ ਕੇ ਬਗਦਾਦ ਚਲੇ ਗਏ ਤੇ ਪੰਜ ਸਾਲ ਉਥੇ ਰਹੇ। ਤਾਲਿਬ ਜੀ ਬੜੇ ਜਜ਼ਬਾਤੀ ਤੇ ਜਮਾਂਦਰੂ ਲਿਖਾਰੀ ਸਨ। ਆਪ ਦੀ ਦਿਲਚਸਪੀ ਦੇਸ਼ ਵਿਚ ਚਲ ਰਹੀਆਂ ਰਾਜਸੀ ਲਹਿਰਾਂ ਨਾਲ ਸੀ ਇਸ ਲਈ ਬਹੁਤਾ ਸਮਾਂ ਏਅਰ ਫੋਰਸ ਦੀ ਨੌਕਰੀ ਨਾ ਕਰ ਸਕੇ ਤੇ ਦੇਸ਼ ਵਾਪਸ ਆ ਗਏ ਤੇ ਮਹਾਰਾਜਾ ਨਾਭਾ ਦੇ ਪ੍ਰਾਈਵੇਟ ਸੈਕਟਰੀ ਲਗ ਗਏ। ਮਹਾਰਾਜਾ ਨਾਭਾ ਨੂੰ ਜਦ 1923 ਵਿਚ ਗਦੀਉਂ ਲਾਹ ਦਿੱਤਾ ਗਿਆ ਤਾਂ ਉਹਦੇ ਨਾਲ ਪਹਿਲਾਂ ਡੇਹਰਾਦੂਨ ਤੇ ਫਿਰ ਕੁਡਾਈ ਕੈਨਾਲ ਚਲੇ ਗਏ। ਤਿੰਨ ਸਾਲ ਪਿਛੋਂ ਕਲਕਤੇ ਜਾ ਵਸੇ ਕਿਉਂਕਿ ਇਨਕਲਾਬੀ ਲਹਿਰਾਂ ਨਾਲ ਜੁੜਕੇ ਦੇਸ਼ ਦੀ ਆਜ਼ਾਦੀ ਲਈ ਕੁਝ ਕਰਨ ਦਾ ਜਜ਼ਬਾ ਸੀ। ਇਥੇ ਬੰਬ ਬਨਾਣ ਦੇ ਇਕ ਤਜਰਬੇ ਪਿਛੋਂ ਗ੍ਰਿਫਤਾਰ ਹੋ ਗਏ ਤੇ ਛੇ ਮਹੀਨੇ ਦੀ ਕੈਦ ਹੋ ਗਈ ਜੇਲ੍ਹ ਤੋਂ ਬਾਹਰ ਆ ਕੇ ਕਲਕੱਤਾ ਤੋਂ ਰੋਜ਼ਾਨਾ ਅਖਬਾਰ 'ਦੇਸ਼ ਦਰਪਣ' ਸ਼ੁਰੂ ਕਰ ਲਿਆ।

ਸ: ਨਿਰੰਜਨ ਸਿੰਘ ਤਾਲਿਬ ਦਾ ਸਬੰਧ ਸੁਭਾਸ਼ ਚੰਦਰ ਬੋਸ ਦੇ ਧੜੇ ਨਾਲ ਸੀ ਇਸ ਲਈ 'ਦੇਸ਼ ਦਰਪਣ' ਅੰਗਰੇਜ਼ਾਂ ਦੀਆਂ ਨਜ਼ਰਾਂ ਵਿਚ ਬਹੁਤ ਰੜਕਦਾ ਸੀ। ਪੰਜ ਵਾਰ ਦੇਸ਼ ਦਰਪਣ ਤੇ ਜ਼ਮਾਨਤ ਮੰਗੀ ਗਈ ਤੇ ਤਿੰਨ ਵਾਰ ਐਡੀਟਰ ਨੂੰ ਕੈਦ ਵੀ ਹੋਈ। ਦੂਜੀ ਸੰਸਾਰ ਜੰਗ ਦੇ ਦਿਨਾਂ ਵਿਚ ਤਾਲਿਬ ਦੇ ਨਾਲ ਸ: ਸਰਦੂਲ ਸਿੰਘ ਕਵੀਸ਼ਰ ਤੇ ਸ਼ੀਲ ਭੱਦਰ ਬਾਨੀ ਵੀ ਐਡੀਟਰ ਵਜੋਂ ਗ੍ਰਿਫਤਾਰ ਹੋਏ ਤੇ 'ਦੇਸ਼ ਦਰਪਣ' ਦੇ ਦਫਤਰ ਨੂੰ ਬੰਦ ਕਰ ਦਿੱਤਾ। 1945 ਦੇ ਅਖੀਰ ਵਿਚ ਮੁੜ ਸ਼ੁਰੂ ਹੋਇਆ ਤੇ ਦੇਸ਼ ਆਜ਼ਾਦ ਹੋਣ ਪਿਛੋਂ ਸ: ਗੁਰਨਾਮ ਸਿੰਘ ਤੀਰ, ਜਰਨੈਲ ਸਿੰਘ ਅਰਸ਼ੀ, ਬਲਵੰਤ ਸਿੰਘ ਬਰਾੜ ਤੇ ਕਰਤਾਰ ਸਿੰਘ ਦੋਸਤ ਇਸ ਨਾਲ ਸਬੰਧਤ ਪੱਤਰਕਾਰ ਰਹੇ ਹਨ। ਦੇਸ਼ ਵਿਚ ਫਿਰਕੂ ਹਨੇਰੀਆਂ ਤੇ ਝੱਖੜਾਂ ਵਿਚ ਵੀ ਇਸ ਅਖਬਾਰ ਨੇ ਕੌਮ ਪ੍ਰਸਤੀ ਦੀ ਜੋਤ ਜਗਾਈ ਰੱਖੀ।

ਸ: ਨਿਰੰਜਨ ਸਿੰਘ ਤਾਲਿਬ 1970 ਪਿਛੋਂ ਕਲਕੱਤਾ ਛੱਡਕੇ ਪੰਜਾਬ ਆ ਗਏ ਤੇ ਪੰਜਾਬ ਕਾਂਗਰਸ ਕਮੇਟੀ ਦੇ ਪ੍ਰਧਾਨ ਬਣ ਗਏ। ਫਿਰ ਕੁਝ ਸਮਾਂ ਵਜ਼ਾਰਤ ਵਿਚ ਵੀ ਰਹੇ ਤੇ ਇਥੇ ਹੀ ਅਕਾਲ ਚਲਾਣਾ ਕਰ ਗਏ। 'ਦੇਸ਼ ਦਰਪਣ' ਕਲਕੱਤਾ ਦਾ ਪ੍ਰਬੰਧ ਸ: ਰਘਬੀਰ ਸਿੰਘ ਬੀਰ ਨੂੰ ਸੌਂਪ ਆਏ ਸਨ ਤੇ ਉਹਨਾਂ ਪਿਛੋਂ ਇਹਦਾ ਪ੍ਰਬੰਧ ਲਖਬੀਰ ਸਿੰਘ ਬੀਰ ਨੇ ਚਲਾਇਆ। ਅਜ ਕਲ ਸ: ਭੁਪਿੰਦਰ ਸਿੰਘ ਸਰਨਾ ਇਸਦੇ ਮਾਲਕ ਐਡੀਟਰ ਹਨ ਪਰ ਸੰਪਾਦਕੀ ਦਾ ਕਾਰਜ ਸ: ਹਰਦੇਵ ਸਿੰਘ ਗਰੇਵਾਲ ਚਲਾ ਰਹੇ ਹਨ। ਬਹੁਤ ਸਾਰੇ ਪੱਤਰਕਾਰ ਹੋਰ ਵੀ ਇਸ ਨਾਲ ਸਬੰਧਤ ਰਹੇ ਹਨ ਤੇ ਅਜ ਕਲ ਵੀ ਹਨ। ਇਸ ਅਖਬਾਰ ਦਾ ਆਕਾਰ 22x36/2 ਹੈ ਤੇ ਸਫੇ ਚਾਰ ਹੁੰਦੇ ਹਨ। ਛਪਾਈ ਜਲੰਧਰ ਦੇ ਪੰਜਾਬੀ ਅਖਬਾਰਾਂ ਦੇ ਟਾਕਰੇ ਤੇ ਮੋਟੇ ਅੱਖਰਾਂ ਵਿਚ ਹੁੰਦੀ ਹੈ। ਪਾਲਿਸੀ ਅਜ ਵੀ ਕੌਮ ਪ੍ਰਸਤਾਂ ਵਾਲੀ ਜਾਰੀ ਹੈ।

ਕੁਝ ਸਾਲਾਂ ਪਿਛੋਂ 'ਦੇਸ਼ ਦਰਪਣ' ਦੇ ਪ੍ਰਬੰਧਕਾਂ ਨੇ 'ਖਾਲਸਾ ਗਜ਼ਟ' ਇਕ ਸਪਤਾਹਿਕ ਵੀ ਸ਼ੁਰੂ ਕਰ ਲਿਆ ਤੇ ਉਹ ਵੀ ਹਰ ਸੋਮਵਾਰ ਨੂੰ ਆਪਣੀ ਪੂਰੀ ਸਜ ਧਜ ਨਾਲ ਨਿਕਲਦਾ ਹੈ। ਇਹ ਕਾਰੋਬਾਰੀ ਤੇ ਇਸ਼ਤਿਹਾਰੀ ਦ੍ਰਿਸ਼ਟੀਕੋਨ ਨਾਲ ਸ਼ੁਰੂ ਕੀਤਾ ਗਿਆ ਤੇ ਤਜਰਬਾ ਸਫਲ ਰਿਹਾ ਜਿਸ ਦਿਨ ਦੇਸ਼ ਦਰਪਣ ਦੀ ਛੁਟੀ ਹੁੰਦੀ ਹੈ, ਉਸ ਦਿਨ ਸਪਤਾਹਿਕ ਖਾਲਸਾ ਗਜ਼ਟ ਪਾਠਕਾਂ ਪ੍ਰਾਸ ਪਹੁੰਚ ਜਾਂਦਾ ਹੈ।

## ਰੋਜ਼ਾਨਾ ਨਵੀਂ ਪ੍ਰਭਾਤ

'ਦੇਸ਼ ਦਰਪਣ' ਕੌਮ ਪ੍ਰਸਤਾਂ ਤੇ ਕਾਂਗਰਸੀਆਂ ਦਾ ਸਮਰਥਕ ਅਖਬਾਰ ਸੀ ਤੇ ਕਲਕੱਤੇ ਵਿਚ ਅਕਾਲੀਆਂ ਦੇ ਸਮਰਥਕਾਂ ਦੀ ਗਿਣਤੀ ਜਦ ਚੋਖੀ ਹੋ ਗਈ ਤਾਂ ਉਹਨਾਂ ਨੂੰ ਆਪਣੀ ਵਿਚਾਰਧਾਰਾ ਦੇ ਪ੍ਰਚਾਰ ਲਈ ਅਖਬਾਰ ਦੀ ਲੋੜ ਅਨੁਭਵ ਹੋਈ। 1952 ਵਿਚ ਸ: ਲਛਮਣ ਸਿੰਘ ਅਕਾਲੀ ਦੇ ਯਤਨਾਂ ਨਾਲ ਇਕ ਹੋਰ ਰੋਜ਼ਾਨਾ ਅਖਬਾਰ 'ਨਵੀਂ ਪ੍ਰਭਾਤ' ਕਲਕੱਤੇ ਤੋਂ ਸ਼ੁਰੂ ਹੋ ਗਿਆ। ਅਕਾਲੀ ਜੀ ਦੇ ਨਾਲ ਸ: ਓਂਕਾਰ ਸਿੰਘ ਤੇ ਖੰਨਾ ਸਾਹਿਬ ਨੇ ਸਰਗਰਮ ਹਿਸਾ ਲਿਆ। ਸ: ਸਾਹਿਬ ਸਿੰਘ ਸਿੰਘ ਪ੍ਰਿਸ ਇਸ ਅਖਬਾਰ ਦੇ ਐਡੀਟਰ ਸਨ ਤੇ ਪੰਜਾਬ ਦੀ ਅਕਾਲੀ ਸਿਆਸਤ ਨਾਲ ਇਸ ਅਖਬਾਰ ਦਾ ਡੂੰਘਾ ਸੰਪਰਕ ਸੀ। ਪ੍ਰਿਸ ਜੀ ਜਿਥੇ ਵਧੀਆ ਪੱਤਰਕਾਰ ਸਨ, ਉਥੇ ਪ੍ਰਬੰਧਕੀ ਯੋਗ ਦਾ ਵੀ ਸਿਖਰ ਸੀ। 1957 ਵਿਚ ਸ: ਸਾਹਿਬ ਸਿੰਘ ਪ੍ਰਿਸ ਇਸ ਦੀ ਐਡੀਟਰੀ ਛਡਕੇ ਚੰਡੀਗੜ੍ਹ ਆ ਗਏ ਤੇ ਪਿਛੋਂ 'ਨਵੀਂ ਪ੍ਰਭਾਤ' ਦਾ ਕੰਮ ਇੰਦਰਪਾਲ ਸਿੰਘ ਪਾਲ ਨੇ ਸੰਭਾਲਿਆ। ਪ੍ਰੋ: ਗੁਰਬਖਸ਼ ਸਿੰਘ, ਸ: ਸਵਿੰਦਰ ਸਿੰਘ ਬਾਜਵਾ, ਸ: ਗੁਰਦੇਵ ਸਿੰਘ ਸਾਹੀ ਐਡਵੋਕੇਟ ਤੇ ਗਿ: ਬਚਿੱਤਰ ਸਿੰਘ ਇਸ ਦੇ ਮਾਲਕ ਜਾਂ ਐਡੀਟਰ ਵਜੋਂ ਸੇਵਾ ਕਰਦੇ ਰਹੇ। ਗਿ: ਬਚਿੱਤਰ ਸਿੰਘ ਐਡਵੋਕੇਟ ਅਜਕਲ ਚੰਡੀਗੜ੍ਹ ਆ ਗਏ ਤੇ ਇਥੇ ਹੀ 'ਨਵੀਂ ਪ੍ਰਭਾਤ' ਦੇ ਰੈਜ਼ੀਡੈਂਟ ਐਡੀਟਰ ਪ੍ਰਵਾਨਤ ਹਨ। ਅਜ ਕਲ ਸ: ਸ਼ਲਿੰਦਰ ਸਿੰਘ ਸੰਪਾਦਕ ਹਨ ਪਰ ਮਾਲਕ ਐਡੀਟਰ ਸ: ਰਣਜੀਤ ਸਿੰਘ ਧਾਰਨੀ ਹਨ। ਇਹ ਅਖਬਾਰ ਵੀ 34 ਸਾਲਾਂ ਤੋਂ ਨਿਰੰਤਰ ਪ੍ਰਕਾਸ਼ਤ ਹੁੰਦਾ ਆ ਰਿਹਾ ਹੈ।

ਜਿਸ ਤਰ੍ਹਾਂ ਦੇਸ਼ ਦਰਪਣ ਦੇ ਨਾਲ ਖਾਲਸਾ ਗਜ਼ਟ ਸਪਤਾਹਿਕ

(ਬਾਕੀ ਪੰਨਾ 20 'ਤੇ)

TICKETS TO ANYWHERE

GABA TRAVELS

ਤੁਹਾਡੇ ਰਿਸ਼ਤੇਦਾਰਾਂ, ਦੋਸਤਾਂ ਤੇ ਆਪਣੇ ਲਈ ਹਮੇਸ਼ਾਂ ਸਾਨੂੰ ਯਾਦ ਕਰੋ। ਅਸੀਂ ਵਾਜਬ ਕਿਰਾਏ ਤੇ ਵਧੀਆ ਸੇਵਾਵਾਂ ਦੀ ਗਰੰਟੀ ਦਿੰਦੇ ਹਾਂ।

MANOHAR LAL GABA
GET HELP IN INDIA AT
NUR MAHAL PH: 49
JULLUNDUR PH: 74597
NEW DELHI PH: 44165
JANDIALA (JULLUNDUR)
MOGA (FAREEDKOT)

6612, MAIN ST. VANCOUVER, B. C.
Phone 324-3336

# ਹਰਿਮੰਦਰ ਸਾਹਿਬ ਅੰਦਰ ਖਾਲਿਸਤਾਨੀਆਂ ਵਲੋਂ ਗਰੀਬ ਲੋਕਾਂ ਨੂੰ ਤਸੀਹੇ

"ਜੇ 28000 ਰੁਪਏ ਨਾ ਲਿਆਂਦੇ ਤਾਂ ਜਾਨੋਂ ਮਾਰ ਦਿਆਂਗੇ!" ਖਾਲਿਸਤਾਨੀਆਂ ਵਲੋਂ ਕੋਹਲੀ ਪਿੰਡ ਦੇ ਇਕ ਵਿਅਕਤੀ ਨੂੰ ਧਮਕੀ। ਪੰਜਾਬ ਵਿਚ ਖਾਲਿਸਤਾਨੀਆਂ ਵਲੋਂ ਕਿਵੇਂ ਆਮ ਸਧਾਰਨ ਲੋਕਾਂ ਨੂੰ ਤਸੀਹੇ ਦਿੱਤੇ ਜਾ ਰਹੇ ਹਨ ਤੇ ਕਿਵੇਂ ਉਨ੍ਹਾਂ ਨੇ ਹਰਿਮੰਦਰ ਸਾਹਿਬ ਅੰਦਰ ਬੁਰਛਾਗਰਦੀਆਂ ਸ਼ੁਰੂ ਕਰ ਰਖੀਆਂ ਹਨ — ਇਹ ਰੌਂਗਟੇ ਖੜ੍ਹੇ ਕਰ ਦੇਣ ਵਾਲੀ ਰਿਪੋਰਟ ਉਸ ਸਮੇਂ ਸਾਹਮਣੇ ਆਈ ਜਦੋਂ ਗੁਰਦਾਸਪੁਰ ਜ਼ਿਲੇ ਦੇ ਇਕ ਪਿੰਡ ਦੇ ਨੌਜੁਆਨ ਨੇ ਕੋਹਲੀ ਪਿੰਡ ਵਿਚ ਵਾਪਰੀ ਇਕ ਘਟਨਾ ਬਾਰੇ ਸਪੱਸ਼ਟ ਕੀਤਾ।

ਇਸ ਪਿੰਡ ਵਿੱਚ ਦੋ ਹਿੱਸੇਦਾਰਾਂ ਨੇ ਇਕ ਮਿਨੀ ਬੱਸ ਖਰੀਦੀ ਸੀ ਪਰ ਕੰਮ ਠੀਕ ਨਾ ਚੱਲਣ ਕਰਕੇ ਇਹ ਬੱਸ ਵੇਚ ਦਿੱਤੀ ਗਈ। ਇਸ ਬੱਸ ਦੇ ਇਕ ਮਾਲਕ ਲੱਭੇ ਨੂੰ ਗੁਰਦਾਸਪੁਰ ਦੇ ਇਕ ਚਪੜਾਸੀ ਨੇ ਪਿਛਲੇ ਸਾਲ ਕਤਲ ਕਰ ਦਿੱਤਾ ਸੀ। ਇਸ ਦਾ ਦੂਸਰਾ ਹਿਸੇਦਾਰ ਦਰਸ਼ਨ ਸਿੰਘ ਹੈ ਜੋ ਪਿੰਡ ਵਿਚ ਬਹੁਤ ਨੇਕ ਆਦਮੀ ਮੰਨਿਆ ਜਾਂਦਾ ਹੈ। ਲੱਭੇ ਦੀ ਘਰਵਾਲੀ ਨੇ ਆਪਣੇ ਹਿੱਸੇ ਦਾ 28000 ਰੁ: ਲੈ ਕੇ ਇਹ ਹਲਫੀਆ ਬਿਆਨ ਵੀ ਦੇ ਦਿੱਤਾ। ਪਰ ਕੁਝ ਪੈਸਿਆਂ ਬਾਰੇ ਉਸ ਨੇ ਕਿਹਾ ਕਿ 1500 ਰੁ: ਹੋਰ ਬਣਦੇ ਹਨ ਉਹ ਵੀ ਦਿਓ। ਮਾਮਲਾ ਪਿੰਡ ਦੀ ਪੰਚਾਇਤ ਵਿਚ ਗਿਆ ਅਤੇ ਪੰਚਾਇਤ ਨੇ ਫੈਸਲਾ ਦੇ ਦਿਤਾ ਕਿ ਦਰਸ਼ਨ ਸਿੰਘ ਨੂੰ 1500 ਰੁ: ਦੇ ਦੇਣੇ ਚਾਹੀਦੇ ਹਨ, ਪੈਸੇ ਦੇਣ ਲਈ ਸਮਾਂ ਕਣਕਾਂ ਆਉਣ ਤੋਂ ਬਾਦ ਦਾ ਰੱਖਿਆ ਗਿਆ।

**ਖਾਲਿਸਤਾਨੀਆਂ ਨਾਲ ਸਬੰਧ:**

ਲੱਭੇ ਦੀ ਘਰਵਾਲੀ ਨੇ ਬਹੁਤ ਹੀ ਚੁਸਤੀ ਵਰਤ ਕੇ ਕਿਸੇ ਢੰਗ ਨਾਲ ਸਿਖ ਸਟੂਡੈਂਟ ਫੈਡਰੇਸ਼ਨ ਦੇ ਜਗਦੀਸ਼ ਮੱਲ੍ਹੀ ਅਤੇ ਵੱਸਣ ਸਿੰਘ ਤੱਕ ਪਹੁੰਚ ਕੀਤੀ ਅਤੇ ਇਹਨਾਂ ਨਾਲ ਸੌਦੇਬਾਜ਼ੀ ਕਰਕੇ ਦਰਸ਼ਨ ਸਿੰਘ ਨੂੰ ਹੁਕਮ ਕਰਵਾਇਆ ਕਿ ਉਹ ਦਰਬਾਰ ਸਾਹਿਬ ਸਾਡੇ ਸਾਹਮਣੇ ਪੇਸ਼ ਹੋਵੇ ਇਥੇ ਇਹ ਸਪੱਸ਼ਟ ਕਰਨੀ ਵੀ ਠੀਕ ਹੀ ਹੋਵੇਗਾ ਕਿ ਅੰਮ੍ਰਿਤਸਰ ਗੁਰਦਾਸਪੁਰ ਜ਼ਿਲ੍ਹਿਆਂ ਵਿਚ ਦਰਬਾਰ ਸਾਹਿਬ ਤੋਂ ਸੰਮਣ ਆਉਣ ਬਾਰੇ ਆਮ ਚਰਚਾ ਹੈ ਅਤੇ ਖਾਲਿਸਤਾਨੀ ਡਰਾਉਣ ਧਮਕਾਉਣ ਲਈ ਇਹ ਸੰਮਣ ਭੇਜਦੇ ਹੀ ਰਹਿੰਦੇ ਹਨ। ਆਮ ਕਰਕੇ ਇਹ ਸੰਮਣ ਡਾਕ ਰਾਹੀਂ ਆਉਂਦੇ ਹਨ। ਪਿੰਡ ਦੇ ਕੁੱਝ ਆਦਮੀਆਂ ਨੇ ਦੱਸਿਆ ਕਿ ਇਸ ਜਨਾਨੀ ਦੇ ਸੰਬੰਧ ਪਿਛਲੇ ਕਾਫੀ ਸਮੇਂ ਤੋਂ ਖਾਲਿਸਤਾਨੀਆਂ ਨਾਲ ਸਨ ਏਸੇ ਕਰਕੇ ਇਸਨੇ ਦਸਤੀ ਸੰਮਣ ਲਿਆਂਦਾ। ਦਰਸ਼ਨ ਸਿੰਘ ਨੂੰ ਪਿੰਡ ਮਸਾਨੀਆਂ ਵੀ ਸੱਦਿਆ ਗਿਆ ਅਤੇ ਉਥੇ ਵੀ ਇਹੋ ਫੈਸਲਾ ਹੋਇਆ ਕਿ 1500 ਰੁ: ਭਾਵੇਂ ਨਹੀਂ ਬਣਦੇ ਤਾਂ ਵੀ ਦੇ ਦੇਣੇ ਚਾਹੀਦੇ ਹਨ।

ਫੈਡਰੇਸ਼ਨ ਗੁਰਜੀਤ ਧੜੇ ਵੱਲੋਂ ਆਏ ਇਹਨਾਂ ਸੰਮਣਾਂ ਕਰਕੇ ਅਸੀਂ ਸਮੇਤ ਆਪਣੇ ਲੜਕੇ ਹਰਦੇਵ ਸਿੰਘ ਬਲਦੇਵ ਸਿੰਘ ਸਮੇਤ ਮੈਂਬਰ ਪੰਚਾਇਤ ਬੀਬੀ ਕੰਮੋ ਅਤੇ ਕੁਝ ਹੋਰ ਲੋਕਾਂ ਨੂੰ ਨਾਲ ਲੈ ਕੇ ਦਰਬਾਰ ਸਾਹਿਕ ਤਰੀਕ ਭੁਗਤਣ ਗਏ। ਦਫਤਰ ਪੁੱਛ-ਗਿੱਛ ਕਰਨ ਤੋਂ ਇਹਨਾਂ ਨੂੰ ਪਤਾ ਲੱਗਾ ਕਿ ਦੋ ਵਜੇ ਤੁਹਾਡੇ ਨਾਲ ਗੱਲ ਹੋਵੇਗੀ, ਉਨਾ ਚਿਰ ਘੁੰਮ-ਫਿਰ ਲਓ। ਇਸ ਬਾਰੇ ਦੱਸਦਿਆਂ ਦਰਸ਼ਨ ਸਿੰਘ ਨੇ ਕਿਹਾ, "ਜਦੋਂ ਅਸੀਂ ਦੋ ਵਜੇ ਹਰਿਮੰਦਰ ਸਾਹਿਬ ਦੀ ਸਰਾਂ ਵਿਚ ਪਹੁੰਚੇ ਤਾਂ ਲੱਭੇ ਦੇ ਘਰਵਾਲੀ ਆ ਢੁੱਕੀ ਸੀ ਅਤੇ ਉਸ ਨੇ ਅੰਦਰ ਜਾ ਕੇ ਫੈਡਰੇਸ਼ਨੀਆਂ ਨੂੰ ਨਾ ਜਾਣੇ ਕੀ ਕਿਹਾ। ਇਕ ਆਦਮੀ ਸਾਨੂੰ ਅਕਾਲ ਰੈਸਟ ਹਾਊਸ ਦੀ ਉਪਰਲੀ ਮੰਜ਼ਲ ਤੇ ਲੈ ਗਿਆ। ਮੇਰਾ ਇਕ ਲੜਕਾ ਹੇਠਾਂ ਦੁਕਾਨ ਤੇ ਚਾਹ ਪੀਂਦਾ ਰਿਹਾ। ਸਾਨੂੰ ਹੁਕਮ ਹੋਇਆ ਕਿ ਅਜੇ ਕੁਝ ਸਮਾਂ ਥੱਲੇ ਚਲੇ ਜਾਓ। ਅਸੀਂ ਥੱਲੇ ਆ ਗਏ ਪਰ ਮੇਰਾ ਲੜਕਾ ਜੋ ਚਾਹ ਪੀ ਰਿਹਾ ਸੀ ਮੁੜ ਉਪਰ ਚਲਾ ਗਿਆ। ਜਦੋਂ ਉਹ ਉਪਰ ਗਿਆ ਤਾਂ ਉਸ ਨੂੰ ਦਸ ਆਦਮੀਆਂ ਨੇ ਢਾਹ ਲਿਆ। ਇਹ ਆਦਮੀ ਮੋਨੇ ਸਨ ਅਤੇ ਇਹਨਾਂ ਦੀਆਂ ਦਾੜ੍ਹੀਆਂ ਵੀ ਸਫਾ-ਚੱਟ ਸਨ। ਇਕ ਆਦਮੀ ਸਿਖ ਸੀ ਤੇ ਉਹੀ ਕੁਟਾਪਾ ਕਰਵਾ ਰਿਹਾ ਸੀ। ਮੇਰੇ ਲੜਕੇ ਨੂੰ ਬੁਰੀ ਤਰ੍ਹਾਂ ਕੁੱਟਿਆ ਮਾਰਿਆ ਗਿਆ ਅਤੇ ਉਸ ਨੂੰ ਕਿਹਾ ਗਿਆ ਕਿ ਜੇ 28000 ਰੁਪਿਆ ਨਾ ਦਿੱਤਾ ਤਾਂ ਤੇਰੀ ਲਾਸ਼ ਹੀ ਪਿੰਡ ਜਾਵੇਗੀ। ਮੈਂ ਆਪਣੇ ਲੜਕੇ ਬਾਰੇ ਸੋਚਦਾ ਰਿਹਾ ਕਿ ਇਹਨਾਂ ਜਲਾਦਾਂ ਦੇ ਪੰਜੇ ਵਿਚੋਂ ਇਸ ਨੂੰ ਕਿਵੇਂ ਛੁਡਾਇਆ ਜਾਵੇ।"

ਦਰਸ਼ਨ ਸਿੰਘ ਨੇ ਬਹੁਤ ਹੀ ਦੁੱਖ ਨਾਲ ਦੱਸਿਆ ਕਿ "ਜਦੋਂ ਇਕ ਬਾਪ ਦੀਆਂ ਅੱਖਾਂ ਤੋਂ ਕੁੱਝ ਹੀ ਦੂਰੀ ਤੇ ਉਸਦੇ ਪੁੱਤਰਾਂ ਨੂੰ ਕੋਹਿਆ ਜਾ ਰਿਹਾ ਹੋਵੇ ਤਾਂ ਉਹ ਕਿਵੇਂ ਬਰਦਾਸ਼ਤ ਕਰ ਸਕਦਾ ਹੈ ਇਸ ਕਰਕੇ ਹੀ ਕੁੱਝ ਦੂਰੀ ਤੇ ਖੜ੍ਹੀ ਸੀ. ਆਰ. ਪੀ. ਨੂੰ ਸਾਰੀ ਹਾਲਤ ਦੱਸੀ ਗਈ ਅਤੇ ਨੌਜੁਆਨ ਦੀ ਜ਼ਿੰਦਗੀ ਬਚਾਉਣ ਲਈ ਤਰਲਾ ਮਾਰਿਆ ਗਿਆ। ਪਰ ਸੀ. ਆਰ. ਪੀ. ਨੇ ਜਵਾਬ ਦੇ ਦਿੱਤਾ। ਫਿਰ ਪੰਜਾਬ ਪੁਲਸ ਦੇ ਐਸ. ਐਚ. ਓ. ਨੂੰ ਰਿਪੋਰਟ ਕੀਤੀ। ਐਸ. ਪੀ. ਨਾਲ ਟੈਲੀਫੂਨ ਤੇ ਗੱਲਬਾਤ ਕਰਕੇ ਐਸ ਐਚ ਓ ਨੇ ਪੁਲਸ ਅਤੇ ਸੀ ਆਰ ਪੀ ਲੈ ਕੇ ਸਪੀਕਰ ਰਾਹੀਂ ਐਲਾਨ ਕੀਤਾ ਕਿ ਜੇ ਸਾਡਾ ਆਦਮੀ 15 ਮਿੰਟਾਂ ਵਿਚ ਨਾ ਛੱਡਿਆ ਤਾਂ ਅਸੀਂ ਅਕੈਸ਼ਨ ਕਰਾਂਗੇ। ਇਸ ਐਲਾਨ ਪਿਛੋਂ ਦਰਸ਼ਨ ਸਿੰਘ ਦੇ ਲੜਕੇ ਨੂੰ ਨਾ ਛੱਡਿਆ ਤਾਂ ਐਸ ਐਚ ਓ ਨੇ ਦਰਸ਼ਨ ਸਿੰਘ ਰਾਗੀ ਨਾਲ ਗੱਲਬਾਤ ਕਰਕੇ ਇਸ ਲੜਕੇ ਨੂੰ ਬੇਹੋਸ਼ੀ ਦੀ ਹਾਲਤ ਵਿਚ ਛੁਡਵਾਇਆ। ਇਹ ਲੜਕਾ ਅਜੇ ਵੀ ਬੁਰੀ ਹਾਲਤ ਵਿਚ ਹੈ ਅਤੇ ਸਾਰੇ ਇਲਾਕੇ ਵਿਚ ਇਸ ਘਟਨਾ ਦੀ ਚਰਚਾ ਹੈ ਅਤੇ ਲੋਕਾਂ ਵਿਚ ਰੋਹ ਪਾਇਆ ਜਾ ਰਿਹਾ ਹੈ।

ਕੁਝ ਦਿਨਾਂ ਪਿਛੋਂ ਹਰਿਮੰਦਰ ਸਾਹਿਬ ਵਿਚੋਂ ਹੀ ਇਕ ਧਮਕੀ ਭੇਜੀ ਗਈ ਕਿ ਛੇਤੀ ਤੋਂ ਛੇਤੀ 28000 ਰੁਪਿਆ ਦੇ ਦਿਓ ਨਹੀਂ ਤਾਂ ਮਾਰ ਦਿਆਂਗੇ। ਜਦੋਂ ਦਰਸ਼ਨ ਸਿੰਘ ਨੇ ਇਹਨਾਂ ਖਾਲਿਸਤਾਨੀ ਬਦਮਾਸ਼ਾਂ ਨੂੰ ਇਹ ਫਰਿਆਦ ਕੀਤੀ ਕਿ ਮੇਰੀ ਜੁਆਨ ਕੁੜੀ ਵਿਆਹੁਣ ਵਾਲੀ ਹੈ ਤਾਂ ਇਹਨਾਂ ਕਿਹਾ ਕਿ ਇਹ ਕਿਹੜਾ ਕੰਮ ਹੈ, ਅਸੀਂ ਪੰਜ ਰੁਪਏ ਵਿਚ ਕੁੜੀ ਵਿਆਹ ਦਿਆਂਗੇ ਪਰ 28000 ਰੁਪਇਆ ਜ਼ਰੂਰ ਲੈਣਾ ਹੈ। ਸਾਰੇ ਇਲਾਕੇ ਵਿਚ ਲੋਕਾਂ ਅੰਦਰ ਇਸ ਕਿਸਮ ਦੀਆਂ ਬੁਰਛਾਗਰਦੀਆਂ ਵਿਰੁੱਧ ਰੋਹ ਹੈ। ਲੋਕਾਂ ਅੰਦਰ ਇਹ ਵੀ ਚਰਚਾ ਹੈ ਕਿ ਸਰਕਾਰ ਇਹਨਾਂ ਬੁਰਛਾਗਰਦਾਂ ਦਾ ਕੁਝ ਨਹੀਂ ਵਿਗਾੜ ਸਕਦੀ। ਜੇ ਹਰਿਮੰਦਰ ਸਾਹਿਬ ਅੰਦਰ ਉਹ ਜੋ ਮਰਜ਼ੀ ਕਰ ਸਕਦੇ ਹਨ ਅਤੇ ਪੁਲਸ ਅਜਿਹੇ ਬੁਰਛਾਗਰਦਾਂ ਤੋਂ ਸਾਨੂੰ ਸੁਰੱਖਿਆ ਨਹੀਂ ਦੇ ਸਕਦੀ ਤਾਂ ਅਜਿਹੀ ਸਰਕਾਰ ਨੂੰ ਲੋਕਾਂ ਉਤੇ ਰਾਜ ਕਰਨ ਦਾ ਕੋਈ ਇਖਲਾਕੀ ਹੱਕ ਨਹੀਂ। ਸਰਕਾਰ ਅਤੇ ਖਾਲਿਸਤਾਨੀਆਂ ਵਲੋਂ ਸਤਾਏ ਲੋਕ ਕਿਸੇ ਨਾ ਕਿਸੇ ਢੰਗ ਨਾਲ ਅਜਿਹੀਆਂ ਧੱਕੇਸ਼ਾਹੀਆਂ ਦਾ ਵਿਰੋਧ ਕਰਨ ਬਾਰੇ ਸੋਚ ਰਹੇ ਹਨ। ਇਕ ਨੌਜਵਾਨ ਨੇ ਇਹ ਵੀ ਸਪੱਸ਼ਟ ਕੀਤਾ ਕਿ ਅਸੀਂ ਨਕਸਲਬਾੜੀ ਰੈਡ ਗਾਰਡਾਂ ਨਾਲ ਵੀ ਸੰਪਰਕ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ ਜੇ ਉਹਨਾਂ ਨਾਲ ਸਾਡਾ ਮੇਲ-ਜੋਲ ਹੋ ਗਿਆ ਤਾਂ ਸ਼ਾਇਦ ਉਹ ਹੀ ਸਾਨੂੰ ਇਹਨਾਂ ਬਦਮਾਸ਼ਾਂ ਦੇ ਜ਼ਬਰ ਤੋਂ ਛੁਟਕਾਰਾ ਦੁਆ ਸਕਣ।

(ਸੁਰਖ ਰੇਖਾ 'ਚੋਂ ਧੰਨਵਾਦ ਸਹਿਤ)

ਪੰਨਾ 19 ਦੀ ਬਾਕੀ

ਪ੍ਰਕਾਸ਼ਤ ਹੋ ਰਿਹਾ ਹੈ, ਬਿਲਕੁਲ ਉਸ 'ਨਵੀਂ ਪ੍ਰਭਾਤ' ਦੇ ਨਾਲ 'ਸ਼ਾਨਿ-ਪੰਜਾਬ' ਸਪਤਾਹਿਕ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ।

**ਪੰਜਾਬੀ ਸਾਹਿਤ ਸਭਾ ਬੰਗਾਲ ਦੇ ਪੱਤਰ :**

ਪੰਜਾਬੀ ਸਾਹਿਤ ਸਭਾ ਬੰਗਾਲ ਕਲਕੱਤਾ ਵਿਚ ਕਵੀ ਕੁਟੀਆ ਪਿਛੋਂ ਪੰਜਾਬੀ ਲੇਖਕਾਂ ਤੇ ਸਾਹਿਤ ਪ੍ਰੇਮੀਆਂ ਦੀ ਸੰਸਥਾ ਚਲੀ ਆ ਰਹੀ ਹੈ। ਪਿਛਲੇ ਦੋ ਦਹਾਕਿਆਂ ਤੋਂ ਸ: ਹਰਦੇਵ ਸਿੰਘ ਗਰੇਵਾਲ ਤੇ ਗਿਆਨੀ ਗਿਆਨ ਸਿੰਘ ਇਸ ਦੇ ਕਰਤਾ ਧਰਤਾ ਤੇ ਪ੍ਰਧਾਨ ਤੇ ਜਨਰਲ ਸਕੱਤਰ ਵਾਰੋ ਵਾਰੀ ਚਲੇ ਆ ਰਹੇ ਹਨ। ਇਸ ਪੰਜਾਬੀ ਸਾਹਿਤ ਸਭਾ ਤੇ 1958 ਵਿਚ 'ਨਵਯੁਗ' ਅਖਬਾਰ ਸ਼ੁਰੂ ਕੀਤਾ ਤੇ ਫਿਰ 'ਸੱਜਰੀ ਪੈੜ' ਮਾਸਕ ਪਤਰ ਕੱਢਿਆ ਪਰ ਇਹਨੂੰ ਕੋਈ ਰਾਜਸੀ ਪਿਛੋਕੜ ਦੀ ਮੱਦਦ ਨਾ ਮਿਲੀ। ਤੇ ਸਾਹਿਤਕਾਰ ਇਹਨਾਂ ਨੂੰ ਬਹੁਤਾ ਸਮਾਂ ਨਾ ਚਲਾ ਸਕੇ। ਇਸੇ ਤਰ੍ਹਾਂ ਸ: ਜੋਗਿੰਦਰ ਸਿੰਘ ਜੋਗੀ ਐਡਵੋਕੇਟ ਨੇ 'ਨਿਆਰਾ' ਮਾਸਕ ਪਤਰ ਸ਼ੁਰੂ ਕੀਤਾ ਜੋ ਸਕਿਉਰਿਟੀ ਪ੍ਰਿੰਟਰਜ਼ ਕਲਕੱਤਾ ਤੋਂ ਪ੍ਰਕਾਸ਼ਤ ਹੁੰਦਾ ਸੀ। ਇਸ ਤਰ੍ਹਾਂ ਸ: ਸਾਹਿਬ ਸਿੰਘ ਪ੍ਰਿੰਸ ਨੇ 'ਦੀਪ' ਮਾਸਕ ਪੱਤਰ ਸ਼ੁਰੂ ਕੀਤਾ ਸੀ ਪਰ ਕੁਝ ਪਰਚੇ ਛਪਣ ਪਿਛੋਂ ਇਸ ਦੀ ਪ੍ਰਕਾਸ਼ਨਾ ਵੀ ਸਮਾਪਤ ਹੋ ਗਈ। ਇਸੇ ਤਰ੍ਹਾਂ ਸ: ਬਚਨ ਸਿੰਘ ਬਚਨ ਨੇ 'ਮਹਿਫਲ' ਪੱਤਰ ਸ਼ੁਰੂ ਕੀਤਾ ਪਰ ਉਹ ਵੀ ਛੇਤੀ ਬੰਦ ਹੋ ਗਿਆ ਕਲਕੱਤੇ ਤੋਂ ਨਿਕਲਣ ਵਾਲੇ ਰੋਜ਼ਾਨਾ ਅਖਬਾਰ ਬਹੁਤ ਹੀ ਸਫਲ ਹੋਏ ਹਨ। ਮਾਸਕ ਪੱਤਰ ਸਫਲਤਾ ਪੂਰਵਕ ਨਹੀਂ ਚਲ ਸਕੇ। ਕੇਵਲ 'ਕਵੀ' ਲੰਮੇਰੇ ਸਮੇਂ ਤਕ ਸਜ ਧਜ ਨਾਲ ਚਲਦਾ ਰਿਹਾ।


Business Financial Planning






Taking Care of Your Family and Business






Recruiting and Retaining Key Employees






Affordable Retirement Packages for You and Your Employees

Find Out More About The Plan(s) That Interest You Call Your Financial Planner and Complete Brokerage Service:



Sudesh Kalia

Bus: (604) 685-9335

Res: (604) 254-5837

ASSURING BRIGHT FINANCIAL FUTURES

NORTH AMERICAN LIFE

#320 - 815 W. Hastings Street
VANCOUVER, B.C. V6C 2W1

# ਹਰਿਆਣਾ ਚੋਣ ਨਤੀਜਿਆਂ ਨਾਲ ਪ੍ਰਧਾਨ ਮੰਤਰੀ ਦੀ ਸਥਿਤੀ ਡਾਵਾਂਡੋਲ ਹੋ ਜਾਏਗੀ

—ਹਰਕਵਲਜੀਤ ਸਿੰਘ

ਕੇਂਦਰ ਵਲੋਂ ਪੰਜਾਬ ਮਸਲਾ ਸੁਲਝਾਉਣ ਲਈ ਹਰਿਆਣਾ ਅਸੰਬਲੀ ਦੀਆਂ ਚੋਣਾਂ ਤੋਂ ਤੁਰੰਤ ਬਾਅਦ ਕੀ ਕੋਈ ਨਵੀਂ ਕੋਸ਼ਿਸ਼ ਕੀਤੀ ਜਾ ਰਹੀ ਹੈ, ਇਹ ਸਵਾਲ ਪੰਜਾਬ ਦੇ ਸਿਆਸੀ ਹਲਕਿਆਂ ਲਈ ਚਰਚਾ ਦਾ ਖਾਸ ਵਿਸ਼ਾ ਬਣਿਆ ਹੋਇਆ ਹੈ। ਅਕਾਲੀ ਦਲ ਦੇ ਦੋਵਾਂ ਮੁਖ ਧੜਿਆਂ ਨੂੰ ਇਹ ਆਸ ਹੈ ਕਿ ਇਨ੍ਹਾਂ ਚੋਣਾਂ ਤੋਂ ਤੁਰੰਤ ਬਾਅਦ ਕੇਂਦਰ ਪੰਜਾਬ ਮਸਲੇ ਵੱਲ ਧਿਆਨ ਦੇਵੇਗਾ। ਦੋਵਾਂ ਅਕਾਲੀ ਧੜਿਆਂ ਦੇ ਕੇਂਦਰ ਨਾਲ ਤਾਲਮੇਲ ਰੱਖਣ ਵਾਲੇ ਵਿਚੋਲਿਆਂ ਵੱਲੋਂ ਵੀ ਆਪਣੇ ਨਾਲ ਸੰਬੰਧਤ ਅਕਾਲੀ ਧੜਿਆਂ ਨੂੰ ਇਹ ਪ੍ਰਭਾਵ ਦਿੱਤਾ ਗਿਆ ਹੈ ਕਿ ਕੇਂਦਰ ਵੱਲੋਂ ਨਵੀਂ ਗੱਲਬਾਤ ਦਾ ਦੌਰ ਉਨ੍ਹਾਂ ਦੇ ਦਲ ਨਾਲ ਹੀ ਸ਼ੁਰੂ ਕੀਤਾ ਜਾ ਰਿਹਾ ਹੈ।

ਖੁਫੀਆ ਏਜੰਸੀਆਂ ਨੂੰ ਪ੍ਰਾਪਤ ਸੂਚਨਾਵਾਂ ਅਨੁਸਾਰ ਵੀ ਕੇਂਦਰ ਵੱਲੋਂ ਪਿਛਲੇ ਕੁਝ ਦਿਨਾਂ ਤੋਂ ਦੋਵਾਂ ਅਕਾਲੀ ਧੜਿਆਂ ਦੇ ਕੁਝ ਸੀਨੀਅਰ ਆਗੂਆਂ ਨਾਲ ਬਾਕਾਇਦਾ ਤਾਲਮੇਲ ਰੱਖਿਆ ਜਾ ਰਿਹਾ ਹੈ। ਸਾਬਕ ਮੁਖ ਮੰਤਰੀ ਸ: ਸੁਰਜੀਤ ਸਿੰਘ ਬਰਨਾਲਾ ਦੀ ਬੀਤੇ ਦਿਨੀਂ ਦਿੱਲੀ ਵਿਖੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨਾਲ ਹੋਈ ਮੀਟਿੰਗ ਵੀ ਇਨ੍ਹਾਂ ਕੋਸ਼ਿਸ਼ਾਂ ਦਾ ਹਿਸਾ ਸੀ। ਸੂਚਨਾਵਾਂ ਅਨੁਸਾਰ ਕੇਂਦਰ ਵੱਲੋਂ ਜਿਨ੍ਹਾਂ ਆਗੂਆਂ ਦੇ ਨਾਲ

ਖੁਫੀਆ ਏਜੰਸੀਆਂ ਨੂੰ ਪ੍ਰਾਪਤ ਸੂਚਨਾਵਾਂ ਅਨੁਸਾਰ ਵੀ ਕੇਂਦਰ ਵੱਲੋਂ ਪਿਛਲੇ ਕੁਝ ਦਿਨਾਂ ਤੋਂ ਦੋਵਾਂ ਅਕਾਲੀ ਧੜਿਆਂ ਦੇ ਕੁਝ ਸੀਨੀਅਰ ਆਗੂਆਂ ਨਾਲ ਬਾਕਾਇਦਾ ਤਾਲਮੇਲ ਰੱਖਿਆ ਜਾ ਰਿਹਾ ਹੈ। ਸਾਬਕ ਮੁਖ ਮੰਤਰੀ ਸ: ਸੁਰਜੀਤ ਸਿੰਘ ਬਰਨਾਲਾ ਦੀ ਬੀਤੇ ਦਿਨੀਂ ਦਿੱਲੀ ਵਿਖੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨਾਲ ਹੋਈ ਮੀਟਿੰਗ ਵੀ ਇਨ੍ਹਾਂ ਕੋਸ਼ਿਸ਼ਾਂ ਦਾ ਹਿਸਾ ਸੀ। ਸੂਚਨਾਵਾਂ ਅਨੁਸਾਰ ਕੇਂਦਰ ਵੱਲੋਂ ਜਿਨ੍ਹਾਂ ਆਗੂਆਂ ਦੇ ਨਾਲ ਤਾਲਮੇਲ ਪੈਦਾ ਕੀਤਾ ਗਿਆ ਹੈ, ਉਨ੍ਹਾਂ ਵਿਚ ਕੁਝ ਨਜ਼ਰਬੰਦ ਸਿੱਖ ਆਗੂ ਵੀ ਸ਼ਾਮਲ ਹਨ। ਪ੍ਰਧਾਨ ਮੰਤਰੀ ਨੇ ਬੀਤੇ ਦਿਨੀਂ ਪੰਜਾਬ ਦੇ ਕੁਝ ਕਾਂਗਰਸੀ ਆਗੂਆਂ ਨੂੰ ਵੀ ਸੰਕੇਤ ਦਿੱਤਾ ਕਿ ਉਹ 'ਇਰਾਦੀ ਟ੍ਰਿਬਿਊਨਲ' ਦੀਆਂ ਸਿਫਾਰਸ਼ਾਂ ਸਮੇਤ ਪੰਜਾਬ ਦੇ ਬਾਕੀ ਮਸਲਿਆਂ ਤੇ ਮੁੜ ਵਿਚਾਰ ਕਰਨਗੇ।

ਲੇਕਿਨ ਸਿਆਸੀ ਹਲਕਿਆਂ ਦਾ ਵਿਚਾਰ ਹੈ ਕਿ ਕੇਂਦਰ ਦੀਆਂ ਇਨ੍ਹਾਂ ਨਵੀਆਂ ਕੋਸ਼ਿਸ਼ਾਂ ਦੇ ਨਤੀਜੇ ਹਰਿਆਣਾ ਚੋਣਾਂ ਦੇ ਨਤੀਜਿਆਂ ਤੇ ਵੀ ਨਿਰਭਰ ਕਰਨਗੇ।

ਹਰਿਆਣਾ ਵਿਚ ਹਾਰ ਪ੍ਰਧਾਨ ਮੰਤਰੀ ਦੀ ਆਪਣੀ ਸਥਿਤੀ ਨੂੰ ਵੀ ਡਾਵਾਂਡੋਲ ਕਰ ਸਕਦੀ ਹੈ, ਜਿਸ ਕਾਰਨ ਪ੍ਰਧਾਨ ਮੰਤਰੀ ਕੋਈ ਅਹਿਮ ਫੈਸਲਾ ਲੈਣ ਦੀ ਸਥਿਤੀ ਵਿਚ ਵੀ ਨਾ ਰਹਿਣ। ਇਨ੍ਹਾਂ ਹਲਕਿਆਂ ਦਾ ਕਹਿਣਾ ਹੈ ਕਿ ਮੌਜੂਦਾ ਸਥਿਤੀ ਵਿਚ ਪ੍ਰਧਾਨ ਮੰਤਰੀ ਕੁਝ ਨਜ਼ਰਬੰਦਾਂ ਦੀ ਰਿਹਾਈ ਜਾਂ ਪੰਜਾਬ ਲਈ ਕੁਝ ਵੱਡੀਆਂ ਆਰਥਿਕ ਜਾਂ ਉਦਯੋਗਿਕ ਸਕੀਮਾਂ ਦਾ ਐਲਾਨ ਤਾਂ ਜ਼ਰੂਰ ਕਰ ਸਕਦੇ ਹਨ, ਲੇਕਿਨ ਚੰਡੀਗੜ੍ਹ ਦੀ ਪੰਜਾਬ ਨੂੰ ਟਰਾਂਸਫਰ ਸਮੇਤ ਬਾਕੀ ਅਹਿਮ ਮਸਲਿਆਂ ਸੰਬੰਧੀ ਉਹ ਵੀ ਕੋਈ ਫੈਸਲਾ ਸ਼ਾਇਦ ਨਾ ਲੈ ਸਕਣ। ਪੰਜਾਬ ਵਿਚ ਲੋਕਤੰਤਰੀ ਢਾਂਚੇ ਦੀ ਬਹਾਲੀ ਅਰਥਾਤ ਅਸੰਬਲੀ ਨੂੰ ਦੁਬਾਰਾ ਬਹਾਲ ਕਰਕੇ ਦੁਬਾਰਾ ਜਮਹੂਰੀ ਸਰਕਾਰ ਬਣਾਉਣ ਦਾ ਮਸਲਾ ਵੀ ਕੇਂਦਰ ਵੱਲੋਂ ਵਿਚਾਰਿਆ ਜਾ ਸਕਦਾ ਹੈ, ਪਰ ਸਿਆਸੀ ਹਲਕਿਆਂ ਦਾ ਵਿਚਾਰ ਹੈ ਕਿ ਇਸ ਕੋਸ਼ਿਸ਼ ਦਾ ਕੇਂਦਰ ਅਤੇ ਪੰਜਾਬ ਵਿਚਲੇ ਇਕ ਅਸਰਦਾਰ ਕਾਂਗਰਸੀ ਧੜੇ ਵਲੋਂ ਕਰੜਾ ਵਿਰੋਧ ਕੀਤਾ ਜਾਵੇਗਾ ਜਿਸ ਕਾਰਨ ਕੇਂਦਰ ਲਈ ਇਹ ਫੈਸਲਾ ਲੈਣਾ ਕਾਫ਼ੀ ਮੁਸ਼ਕਲ ਹੋਵੇਗਾ।

ਸਿਆਸੀ ਹਲਕਿਆਂ ਦਾ ਵਿਚਾਰ ਹੈ ਕਿ ਪੰਜਾਬ ਵਿਚ ਚੁਣੀ ਸਰਕਾਰ ਨੂੰ ਹੁਣ ਛੇਤੀ ਬਹਾਲ ਕਰਨਾ ਵਿਰੋਧੀ ਪਾਰਟੀਆਂ ਦੇ ਇਸ ਦੋਸ਼ ਨੂੰ ਵੀ ਸਾਬਤ ਕਰੇਗਾ ਕਿ ਪੰਜਾਬ ਵਿਚ ਰਾਸ਼ਟਰਪਤੀ ਰਾਜ ਕੇਵਲ ਹਰਿਆਣਾ ਚੋਣਾਂ ਨੂੰ ਸਾਹਮਣੇ ਰੱਖ ਕੇ ਹੀ ਲਾਗੂ ਕੀਤਾ ਗਿਆ ਸੀ। ਇਨ੍ਹਾਂ ਹਲਕਿਆਂ ਦਾ ਵਿਚਾਰ ਹੈ ਕਿ ਅਗਰ ਪੰਜਾਬ ਮਸਲਾ ਨਜਿੱਠਣ ਲਈ ਆਪਣੀਆਂ ਕੋਸ਼ਿਸ਼ਾਂ ਵਿਚ ਕੇਂਦਰ ਨੂੰ ਕੋਈ ਸਫਲਤਾ ਨਾ ਮਿਲੀ ਤਾਂ ਫਿਰ ਕੇਂਦਰ ਵੱਲੋਂ ਰਾਜ ਵਿਚ ਰਾਸ਼ਟਰਪਤੀ ਰਾਜ ਨੂੰ ਹੋਰ ਅਸਰਦਾਰ ਬਣਾਉਣ ਲਈ ਪੰਜਾਬ ਦੇ ਮੌਜੂਦਾ ਪ੍ਰਬੰਧਕੀ ਢਾਂਚੇ ਵਿਚ ਕੁਝ ਅਹਿਮ ਰੱਦੋਬਦਲ ਜ਼ਰੂਰ ਕੀਤੀ ਜਾ ਸਕਦੀ ਹੈ। ਜਿਸ ਵਿਚ ਕਿਸੇ ਤਕੜੇ ਸਿਆਸੀ ਗਵਰਨਰ ਦੀ ਨਿਯੁਕਤੀ ਦੇ ਨਾਲ-ਨਾਲ ਕੁਝ ਸਲਾਹਕਾਰ ਵੀ ਨਿਯੁਕਤ ਕੀਤੇ ਜਾਣਗੇ। ਇਸ ਤੋਂ ਇਲਾਵਾ ਰਾਜ ਵਿਚ ਕਾਂਗਰਸ ਨੂੰ ਮਜ਼ਬੂਤ ਕਰਨ ਲਈ ਕੇਂਦਰ ਪ੍ਰਦੇਸ਼ ਕਾਂਗਰਸ ਦਾ ਵੀ ਪੁਨਰਗਠਨ ਕਰ ਸਕਦਾ ਹੈ। ਸਿਆਸੀ ਹਲਕਿਆਂ ਅਨੁਸਾਰ ਕੇਂਦਰੀ ਕਾਂਗਰਸ ਹਾਈ ਕਮਾਂਡ ਚਾਹੁੰਦੀ ਹੈ ਕਿ ਪੰਜਾਬ ਕਾਂਗਰਸ ਦੀ ਅਗਵਾਈ ਕਿਸੇ ਇਹੋ ਜਿਹੇ ਕਾਂਗਰਸੀ ਸਿੱਖ ਨੂੰ ਦਿੱਤੀ ਜਾਵੇ, ਜਿਸ ਨੂੰ ਆਮ ਸਿੱਖ ਨਫਰਤ ਦੀ ਨਿਗਾਹ ਨਾਲ ਨਾ ਵੇਖਦਾ ਹੋਵੇ ਅਤੇ ਉਹ ਰਾਜ ਦੇ ਸਿੱਖਾਂ ਵਿਚ ਕਾਂਗਰਸ ਦੀ ਤਕਰੀਬਨ ਖਤਮ ਹੋ ਚੁੱਕੀ ਸ਼ਾਖ ਨੂੰ ਬਹਾਲ ਕਰਨ ਦੀ ਸਮਰੱਥਾ ਰੱਖਦਾ ਹੋਵੇ।

ਲੇਕਿਨ ਕੇਂਦਰ ਨਾਲ ਇਸ ਨਵੀਂ ਗੱਲਬਾਤ ਦੇ ਦੁਆਰਾ ਖੁਲ੍ਹਣ ਦੀਆਂ ਸੰਭਾਵਨਾਵਾਂ ਕਾਰਨ ਦੋਵਾਂ ਬਰਨਾਲਾ ਅਤੇ ਸਾਂਝੇ ਅਕਾਲੀ ਆਗੂ ਰਾਸ਼ਟਰਪਤੀ ਦੀ ਅਗਾਮੀ ਚੋਣ ਲਈ ਆਪਣੀਆਂ ਵੋਟਾਂ ਸਬੰਧੀ ਕੋਈ ਫੈਸਲਾ ਲੈਣ ਬਾਰੇ ਦੁਬਿਧਾ ਵਿਚ ਹਨ। ਹਾਲਾਂ ਕਿ ਸਾਬਕ ਮੁਖ ਮੰਤਰੀ ਸ: ਸੁਰਜੀਤ ਸਿੰਘ ਬਰਨਾਲਾ ਬੀਤੇ ਦਿਨੀਂ ਦਿੱਲੀ ਵਿਖੇ ਕਾਂਗਰਸ ਵਿਰੋਧੀ ਮੁਖ ਮੰਤਰੀਆਂ ਅਤੇ ਸਿਆਸੀ ਪਾਰਟੀਆਂ ਦੀਆਂ ਮੀਟਿੰਗਾਂ ਵਿਚ ਸ਼ਾਮਲ ਹੁੰਦੇ ਰਹੇ, ਜਿੱਥੇ ਰਾਸ਼ਟਰਪਤੀ ਦੀ ਚੋਣ ਸਬੰਧੀ ਸਾਰੇ ਵਿਰੋਧੀ ਦਲਾਂ ਨੂੰ ਇਕ ਪਲੇਟਫਾਰਮ ਤੇ ਇਕੱਠੇ ਕਰਨ ਸਬੰਧੀ ਵਿਚਾਰਾਂ ਹੁੰਦੀਆਂ ਰਹੀਆਂ। ਪਰ ਪੰਜਾਬ ਵਿਚ ਕੇਂਦਰੀ ਸੁਰੱਖਿਆ ਦਲਾਂ ਵੱਲੋਂ ਤਸ਼ੱਦਦ ਅਤੇ ਕਤਲੋਗਾਰਤ ਕਰਨ ਕਰਕੇ ਅਕਾਲੀ ਧੜਿਆਂ ਕੋਲ ਹੁਣ ਰਾਸ਼ਟਰਪਤੀ ਪਦ ਲਈ ਵਿਰੋਧੀ ਦਲਾਂ ਦੇ ਉਮੀਦਵਾਰ ਨੂੰ ਸਮਰਥਨ ਦੇਣ ਤੋਂ ਬਿਨਾਂ ਕੋਈ ਰਸਤਾ ਨਹੀਂ ਹੋਵੇਗਾ, ਲੇਕਿਨ ਅਕਾਲੀ ਧੜਿਆਂ ਨੂੰ ਇਹ ਡਰ ਜ਼ਰੂਰ ਹੈ ਕਿ ਕਿਤੇ ਇਸ ਸਮਰਥਨ ਦੇ ਐਲਾਨ ਨਾਲ ਉਨ੍ਹਾਂ ਦੀਆਂ ਕੇਂਦਰ ਨਾਲ ਗੱਲਬਾਤ ਦੀਆਂ ਸੰਭਾਵਨਾਵਾਂ ਕਮਜ਼ੋਰ ਨਾ ਪੈ ਜਾਣ।

●●●

ਪੰਜਾਬ ਵਿਚ ਰਾਸ਼ਟਰਪਤੀ ਰਾਜ ਲਾਗੂ ਕਰਨ ਲਈ ਗਵਰਨਰ ਪੰਜਾਬ ਵਲੋਂ ਭਾਵੇਂ ਇਕ ਮੁਖ ਕਾਰਨ ਭ੍ਰਿਸ਼ਟਾਚਾਰ ਦਾ ਦਿੱਤਾ ਗਿਆ ਸੀ, ਲੇਕਿਨ ਗਵਰਨਰੀ ਰਾਜ ਦਾ ਇਕ ਮਹੀਨਾ ਪੂਰਾ ਹੋਣ ਦੇ ਨਾਲ ਨਾਲ ਹੀ ਗਵਰਨਰੀ ਪ੍ਰਸ਼ਾਸਨ ਖਿਲਾਫ ਵੀ ਭ੍ਰਿਸ਼ਟਾਚਾਰ ਦੇ ਦੋਸ਼ ਲੱਗਣੇ ਸ਼ੁਰੂ ਹੋ ਗਏ ਹਨ।

ਰਾਸ਼ਟਰਪਤੀ ਰਾਜ ਦੇ ਲਾਗੂ ਹੋਣ ਤੋਂ ਬਾਅਦ ਗਵਰਨਰ ਪੰਜਾਬ ਸ੍ਰੀ ਸਿਧਾਰਥ ਸ਼ੰਕਰ ਰੇਅ ਵੱਲੋਂ ਇਹ ਐਲਾਨ ਕੀਤਾ ਗਿਆ ਸੀ ਕਿ ਉਹ ਲੋਕਾਂ ਨੂੰ ਇਕ ਸਾਫ ਸੁਥਰਾ ਅਤੇ ਤੰਦਰੁਸਤ ਪ੍ਰਸ਼ਾਸਨ ਦੇਣਗੇ। ਲੇਕਿਨ ਗਵਰਨਰੀ ਰਾਜ ਵਿਚ ਹੋਏ ਕੁਝ ਵਿਭਾਗਾਂ ਦੇ ਤਬਾਦਲਿਆਂ ਤੇ ਕਈ ਤਰ੍ਹਾਂ ਦੇ ਕਿੰਤੂ ਪਰੰਤੂ ਕੀਤੇ ਜਾ ਰਹੇ ਹਨ ਅਤੇ ਬਹੁਤ ਸਾਰੇ ਭ੍ਰਿਸ਼ਟ ਕਿਰਦਾਰ ਦੇ ਅਧਿਕਾਰੀਆਂ ਨੂੰ ਅਹਿਮ ਅਹੁਦੇ ਵੀ ਮਿਲ ਗਏ ਹਨ।

ਰਾਜ ਦੇ ਡਾਇਰੈਕਟੋਰੇਟ ਆਫ ਵਿਜੀਲੈਂਸ ਵੱਲੋਂ ਵੀ ਜਿਨ੍ਹਾਂ ਕੁਝ ਸੀਨੀਅਰ ਅਧਿਕਾਰੀਆਂ ਖਿਲਾਫ ਭ੍ਰਿਸ਼ਟਾਚਾਰ ਦੇ ਸੰਗੀਨ ਦੋਸ਼ ਸਾਬਤ ਕੀਤੇ ਗਏ ਹਨ, ਰਾਜ ਦੀ ਉਚ ਅਫਸਰਸ਼ਾਹੀ ਵੱਲੋਂ ਉਨ੍ਹਾਂ ਦੀਆਂ ਫਾਈਲਾਂ ਨੂੰ ਵੀ ਦਬਾਇਆ ਜਾ ਰਿਹਾ ਹੈ। ਇਸ ਦੀ ਤਾਜ਼ਾ ਮਿਸਾਲ ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਦੀ ਹੈ, ਜਿਸ ਦੇ ਮੈਨੇਜਿੰਗ ਡਾਇਰੈਕਟਰ ਸ੍ਰੀ ਅਮੀਤਾਬ ਪਾਂਡੇ ਖਿਲਾਫ ਲੱਖਾਂ ਨਹੀਂ ਕਰੋੜਾਂ ਰੁਪਏ ਦੀ ਦੁਰਵਰਤੋਂ ਦੇ ਦੋਸ਼ ਰਾਜ ਸਰਕਾਰ ਨੂੰ ਇਸ ਸਿਫਾਰਸ਼ ਨਾਲ ਭੇਜੇ ਗਏ ਸਨ ਕਿ ਉਕਤ ਅਧਿਕਾਰੀ ਖਿਲਾਫ ਕੇਸ ਰਜਿਸਟਰ ਕਰਕੇ ਪੂਰੀ ਜਾਂਚ ਕਰਨ ਦੀ ਇਜਾਜ਼ਤ ਦਿੱਤੀ ਜਾਵੇ। ਲੇਕਿਨ ਸਰਕਾਰ ਵਲੋਂ ਜਾਂਚ ਦੀ ਇਜਾਜ਼ਤ ਦੇਣ ਦੀ ਥਾਂ ਉਕਤ ਅਧਿਕਾਰੀ ਨੂੰ ਤਰੱਕੀ ਦੇ ਕੇ ਇਕ ਅਹਿਮ ਅਹੁਦੇ ਤੇ ਲਗਾ ਦਿੱਤਾ ਗਿਆ, ਅਤੇ ਡਾਇਰੈਕਟਰ ਵਿਜੀਲੈਂਸ ਜੋ ਕਿ ਇਕ ਡੀ ਆਈ ਜੀ ਪੱਧਰ ਦਾ ਪੁਲਸ ਅਫਸਰ ਸੀ, ਨੂੰ ਤਬਦੀਲ ਕਰ ਦਿੱਤਾ ਗਿਆ।

ਇਹੋ ਜਿਹੇ ਕੁਝ ਕੇਸ ਸੀਨੀਅਰ ਅਧਿਕਾਰੀ ਅਤੇ ਸਿਆਸੀ ਲੋਕਾਂ ਵੱਲੋਂ ਗਵਰਨਰ ਪੰਜਾਬ ਦੇ ਨੋਟਿਸ ਵਿਚ ਵੀ ਲਿਆਂਦੇ ਗਏ ਹਨ, ਲੇਕਿਨ ਇਵੇਂ ਮਹਿਸੂਸ ਹੁੰਦਾ ਹੈ ਕਿ ਗਵਰਨਰ ਪੰਜਾਬ ਵੀ ਦੋਸ਼ਾਂ ਸੰਬੰਧੀ ਕੋਈ ਕਾਰਵਾਈ ਕਰਨ ਤੋਂ ਅਸਮਰਥ ਹਨ।

ਬੀਤੇ ਕੁਝ ਦਿਨਾਂ ਦੌਰਾਨ ਕੁਝ ਸੀਨੀਅਰ ਸਿਆਸੀ ਆਗੂਆਂ ਵੱਲੋਂ ਗਵਰਨਰ ਪੰਜਾਬ ਨੂੰ ਮਿਲਕੇ ਅਤਿਵਾਦ ਵਿਰੁੱਧ ਮੁਹਿੰਮ ਦੇ ਨਾਮ ਹੇਠ ਕੁਝ ਜ਼ਿਲਿਆਂ ਵਿਚ ਪੁਲਸ ਵੱਲੋਂ ਮਚਾਈ ਜਾ ਰਹੀ ਲੁੱਟ ਵਿਰੁੱਧ ਵੀ ਸ਼ਿਕਾਇਤਾਂ ਕੀਤੀਆਂ ਗਈਆਂ ਹਨ ਕਿ ਪੁਲਸ ਨਿਰਦੋਸ਼ ਪਰ ਆਰਥਿਕ ਪੱਖੋਂ ਕੁਝ ਚੰਗੇ ਪਰਿਵਾਰ ਦੇ ਨੌਜਵਾਨਾਂ ਨੂੰ ਪਕੜ ਕੇ ਉਨ੍ਹਾਂ ਕੋਲੋਂ ਜ਼ਬਰੀ ਪੈਸੇ ਬਟੋਰ ਰਹੀ ਹੈ ਲੇਕਿਨ ਰਾਜ ਸਰਕਾਰ ਇਨ੍ਹਾਂ ਦੋਸ਼ਾਂ ਦੀ ਨਾ ਤਾਂ ਹੁਣ ਤੱਕ ਜਾਂਚ ਹੀ ਕਰਵਾ ਸਕੀ ਹੈ ਅਤੇ ਨਾ ਹੀ ਪੁਲਸ ਵਿਭਾਗ ਨੂੰ ਹੁਣ ਤੱਕ ਕਿਸੇ ਤਰ੍ਹਾਂ ਦੀ ਨੱਥ ਪਾਈ ਜਾ ਸਕੀ ਹੈ। ਸਿਆਸੀ ਹਲਕਿਆਂ ਦਾ ਵਿਚਾਰ ਹੈ ਕਿ ਜਿਵੇਂ ਪੁਲਸ ਵਿਭਾਗ ਦੀ ਲਗਾਮ ਬਰਨਾਲਾ ਸਰਕਾਰ ਦੇ ਹੁੰਦਿਆਂ ਵੀ ਕੇਂਦਰ ਦੇ ਹੱਥਾਂ ਵਿਚ ਸੀ, ਉਸੇ ਤਰ੍ਹਾਂ ਹੁਣ ਵੀ ਮਹਿਸੂਸ ਹੁੰਦਾ ਹੈ ਕਿ ਪੁਲਸ ਵਿਭਾਗ ਹੁਣ ਵੀ ਕਿਸੇ ਗੈਰ-ਪੁਲਸ ਅਫਸਰਾਂ ਦੇ ਹਾਕਮਾਂ ਦੀ

ਬਾਕੀ ਪੰਨਾ 22 'ਤੇ


ਬੰਬੇ ਸਵੀਟਸ ਮੈਨੂਫੈਕਚਰਰ ਇਨਕ

ਮਠਿਆਈਆਂ ਦੀ ਸਭ ਤੋਂ ਵੱਡੀ ਦੁਕਾਨ!

**BOMBAY SWEETS MANUFACTURER INC.**

6556 —6560 MAIN (at 49th.Ave.)
VANCOUVER, B.C. V5X 3G9
Tel. (604) 321-1414
Or 874-5722
CONTACT:

**NARESH SHUKLA & BROS.**

$2.50 / ਪੌਂਡ ਵਾਲੀਆਂ ਜਲੇਬੀਆਂ $1.49

$2.50 / ਪੌਂਡ ਵਾਲੇ ਲੱਡੂ $1.75



NORTH AMERICAN LIFE ASSURANCE COMPANY

NORTH AMERICAN LIFE



- Life Insurance
- Mortgage Insurance
- Children's educational Plans
- R R S P

Malkiat Mutti
representative
320, 815 West Hastings St.
Vancouver, B.C. V6C 2W1

Bus. 685-9335
Res. 522-7167



DO YOU NEED PLUMBING OR ELECTRICAL SUPPLIES AND SERVICE FOR NEW HOMES OR FOR RENOVATIONS

WE DO NEW HOME PLUMBING ALSO

CONTACT:

**PAUL'S**

*PLUMBING & ELECTRICAL SUPPLY*



4774 Main Street, (At 32nd.)
Vancouver, B.C.
PH: 872-3118 (Supply)
872-7227 (Service)

"Free customer parking at rear" OPEN SUNDAYS

# ਧਰਮ ਦੇ ਨਾਂ ਤੇ ਫੈਲਾਈ ਜਾ ਰਹੀ ਫਿਰਕੂ ਨਫਰਤ

—ਪ੍ਰੋ: ਬਸ਼ੀਰ ਅਹਿਮਦ—

ਲੁਟੇਰੀ ਜਮਾਤ ਆਪਣੀ ਲੁੱਟ ਅਤੇ ਚੌਧਰ ਨੂੰ ਬਰਕਰਾਰ ਰੱਖਣ ਲਈ ਨਾ ਸਿਰਫ ਪੁਲਸ, ਫੌਜ, ਅਦਾਲਤਾਂ ਦਾ ਡੰਡਾ ਹੀ ਲੋਕਾਂ ਦੇ ਸਿਰ ਤੇ ਰੱਖਦੀ ਹੈ ਸਗੋਂ ਉਹਨਾਂ ਨੂੰ ਮਾਨਸਿਕ ਤੌਰ ਤੇ ਗੁਲਾਮ ਕਰਕੇ ਵੀ ਆਪਣੇ ਲੁੱਟ ਦੇ ਜਾਲ ਵਿਚ ਫਸਾਈ ਰੱਖਦੀ ਹੈ। ਜਿਥੇ ਜ਼ਬਰ ਹੁੰਦਾ ਹੈ ਉਥੇ ਬਗਾਵਤ ਹੁੰਦੀ ਹੈ। ਸੰਗਲਾਂ ਵਿਚ ਨੂੜੇ ਲੋਕ ਵੀ ਬਗਾਵਤ ਦਾ ਝੰਡਾ ਚੁਕ ਕੇ ਆਪਣੀ ਲੁੱਟ ਦੇ ਵਿਰੁੱਧ ਜੀਵਨ-ਮੌਤ ਦੀ ਲੜਾਈ ਵਿਚ ਕੁਦ ਪੈਂਦੇ ਹਨ। ਗੁਲਾਮਾਂ ਦੀਆਂ ਬਗਾਵਤਾਂ ਇਸ ਗੱਲ ਦਾ ਪ੍ਰਤੱਖ ਸਬੂਤ ਹਨ ਪਰ ਮਾਨਸਿਕ ਗੁਲਾਮੀ ਦੀਆਂ ਤੰਦਾਂ 'ਚ ਜਕੜੇ ਲੋਕ, ਰਾਜੇ ਦੇ ਹੁਕਮ ਨੂੰ ਰੱਬ ਦਾ ਹੁਕਮ ਸਮਝ ਕੇ ਮੰਨਦੇ ਹਨ ਅਤੇ ਆਪਣੀ ਮੰਦਹਾਲੀ ਨੂੰ ਕਰਮਾਂ ਦਾ ਫਲ ਸਮਝਦੇ ਹਨ। ਲੁਟੇਰੇ ਪ੍ਰਚਾਰ ਕਰਦੇ ਹਨ ਕਿ ਧਰਮ ਤਾਂ ਮਨੁੱਖ ਨੂੰ ਸਦਾਚਾਰਕ ਅਤੇ ਵਧੀਆ ਇਖਲਾਕੀ ਇਨਸਾਨ ਬਣਾਉਣ ਲਈ ਸਹਾਇਤਾ ਕਰਦਾ ਹੈ ਪਰ ਅਸਲ ਵਿਚ ਧਰਮ ਮਨੁੱਖਾਂ ਵਿਚ ਵੰਡੀਆਂ ਪਾਉਣ ਅਤੇ ਉਸ ਨੂੰ ਗੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜਨ ਦਾ ਕੰਮ ਕਰਦਾ ਹੈ। ਇਕ ਧਰਮ ਜੇਕਰ ਗਊ ਪਾਲਣ ਨੂੰ ਪਵਿੱਤਰ ਦੱਸਕੇ ਗਊ ਹੱਤਿਆ ਨੂੰ ਘੋਰ ਅਪਰਾਧ ਦੱਸਦਾ ਹੈ ਤਾਂ ਦੂਜਾ ਗਊ ਨੂੰ ਹਲਾਲ ਕਰਕੇ ਉਸ ਦਾ ਮਾਸ ਖਾਣ ਨੂੰ ਪਵਿੱਤਰ ਦੱਸਦਾ ਹੈ। ਹਰ ਧਰਮ ਦੀਆਂ ਰਵਾਇਤਾਂ ਇਕ ਦੂਜੇ ਦੇ ਉਲਟ ਹਨ। ਹਰ ਧਰਮ ਇਹ ਪ੍ਰਚਾਰ ਕਰਦਾ ਹੈ ਕਿ ਉਸਨੂੰ ਦੂਜੇ ਧਰਮ ਤੋਂ ਬਹੁਤ ਖਤਰਾ ਹੈ ਅਤੇ ਆਪਣੇ ਧਰਮ ਨੂੰ ਬਚਾਉਣ ਲਈ ਦੂਜੇ ਧਰਮ ਨੂੰ ਨਾਸ਼ ਕਰਨ ਦਾ ਸੱਦਾ ਦਿੰਦਾ ਹੈ। ਇਸੇ ਲਈ ਇਤਿਹਾਸ ਵਿਚ ਔਰੰਗਜ਼ੇਬ ਜਿਹੇ ਜਨੂੰਨੀ ਸਵਾ-ਸਵਾ ਮਣ ਜੰਞੂ ਉਤਾਰ ਕੇ ਖਾਣਾ ਖਾਂਦੇ ਰਹੇ ਹਨ ਤੇ ਧਾਰਮਿਕ ਮੂਲਵਾਦੀ ਮੁੱਲਾਂ-ਮੁਲਾਣੇ ਇਸਨੂੰ ਪਵਿੱਤਰ ਕਾਰਜ ਦੱਸਦੇ ਹਨ।

ਇਕ ਕਵੀ ਨੇ ਧਰਮ ਦੇ ਇਕ ਦੂਜੇ ਤੋਂ ਖਤਰੇ ਬਾਰੇ ਵਿਅੰਗ ਕਰਦਿਆਂ ਠੀਕ ਹੀ ਕਿਹਾ ਹੈ ਕਿ

'ਕਿਸੇ ਬੱਧੀ ਦਾੜ੍ਹੀ, ਤਾਂ ਧਰਮ ਨੂੰ ਖਤਰਾ।
ਕਿਸੇ ਬੱਧੀ ਸਾੜ੍ਹੀ, ਤਾਂ ਧਰਮ ਨੂੰ ਖਤਰਾ।'

ਅੱਜ ਇਹ ਗੱਲ ਵਿਚਾਰਨ ਦੀ ਲੋੜ ਹੈ ਕਿ ਕੀ ਸੱਚੀਂ ਮੁੱਚੀ ਇਕ ਧਰਮ ਨੂੰ ਦੂਜੇ ਤੋਂ ਖਤਰਾ ਹੈ ਜਾਂ ਧਾਰਮਿਕ ਜਨੂੰਨੀ ਖਤਰੇ ਦਾ ਹਊਆ ਖੜ੍ਹਾ ਕਰਦੇ ਹਨ। ਕੌਣ ਨਹੀਂ ਜਾਣਦਾ ਕਿ ਪਾਕਿਸਤਾਨ ਬਣਨ ਤੋਂ ਪਹਿਲਾਂ ਇਥੇ ਹਿੰਦੂ-ਸਿਖ-ਮੁਸਲਮਾਨ ਭਰਾਵਾਂ ਵਾਂਗ ਰਹਿੰਦੇ ਸਨ। ਫਰੰਗੀਆਂ ਵਿਰੁੱਧ ਕੌਮੀ ਮੁਕਤੀ ਘੋਲ 'ਚ ਸਭ ਧਰਮਾਂ ਦੇ ਲੋਕ ਇਕਮੁੱਠ ਸਨ। ਅਸ਼ਫਾਕ ਉਲਾ, ਚੰਦਰ ਸ਼ੇਖਰ ਅਜ਼ਾਦ, ਭਗਤ ਸਿੰਘ ਕਿਸੇ ਇਕ ਧਰਮ ਜਾਂ ਫਿਰਕੇ ਲਈ ਨਹੀਂ ਸਗੋਂ ਸਮੂਹ ਭਾਰਤੀ ਲੋਕਾਂ ਦੇ ਆਗੂ ਸਨ। ਕਿਸੇ ਕਿਸਮ ਦਾ ਕੋਈ ਭਿੰਨ ਭੇਦ ਨਹੀਂ ਸੀ। ਸਾਮਰਾਜੀ ਦਰਿੰਦਿਆਂ ਅਤੇ ਉਨ੍ਹਾਂ ਦੇ ਝੋਲੀ ਚੁੱਕ ਕਾਂਗਰਸੀਆਂ ਅਤੇ ਮੁਸਲਮ ਲੀਗੀਆਂ ਨੇ ਹਿੰਦੂ ਮੁਸਲਮਾਨਾਂ ਦੇ ਵੱਖਰੇ ਨੁਮਾਇੰਦੇ ਚੁਣਨ ਨੂੰ ਸਵੀਕਾਰ ਕਰਕੇ ਫਿਰਕਾਪ੍ਰਸਤੀ ਦੀ ਨੀਂਹ ਰੱਖੀ। ਸਟੇਸ਼ਨਾਂ ਤੇ ਅਲੱਗ ਹਿੰਦੂ ਪਾਣੀ ਅਤੇ ਮੁਸਲਮ ਪਾਣੀ ਰੱਖੇ ਗਏ। ਦੰਗੇ ਕਰਵਾਏ ਗਏ। ਫਿਰਕੂ ਜਨੂੰਨ ਸਿਖਰਾਂ ਛੂਹਣ ਲੱਗਾ। ਮਨੁੱਖ ਸ਼ੈਤਾਨ ਬਣ ਗਿਆ।

ਗੋਰੇ ਹਾਕਮਾਂ ਦੀ ਥਾਂ ਤੇ ਕਾਲੇ ਹਾਕਮ ਗੱਦੀਆਂ ਉਤੇ ਬਿਰਾਜਮਾਨ ਹੋ ਗਏ। ਉਹੀ 1935 ਅਤੇ 1885 ਦੇ ਕਾਨੂੰਨ ਚਲਦੇ ਰਹੇ। ਪੁਲਸ, ਫੌਜ, ਮੰਦਰ ਗੁਰਦੁਆਰੇ ਨਾਲ ਲੈ ਕੇ ਜਾਂਦੀ ਰਹੀ। ਰਜਮੈਂਟਾਂ ਧਰਮ ਅਤੇ ਫਿਰਕੇ ਦੇ ਨਾਵਾਂ ਤੇ ਜਿਉਂ ਦੀਆਂ ਤਿਉਂ ਕਾਇਮ ਰਹੀਆਂ। ਧਰਮ ਨਿਰਪੱਖਤਾ ਦੇ ਨਾਂ ਤੇ ਹਰ ਧਰਮ ਦੀ ਸਹਾਇਤਾ ਕਰਨੀ ਹਾਕਮ ਜਮਾਤ ਦਾ ਨਿਯਮ ਬਣ ਗਿਆ। ਈਸਾਈ ਮਿਸ਼ਨਰੀ ਪਹਿਲਾਂ ਤੋਂ ਵੀ ਵੱਧ ਗਿਣਤੀ ਵਿਚ ਆਉਣ ਲੱਗੇ। ਧਾਰਮਿਕ ਸੰਸਥਾਵਾਂ ਨੂੰ ਵਿਦੇਸ਼ੀ ਸਹਾਇਤਾ ਆਉਣੀ ਜਾਰੀ ਰਹੀ। ਧਰਮ ਪ੍ਰਵਰਤਨ ਦਾ ਸਿਲਸਿਲਾ ਤੇਜ਼ ਹੋ ਗਿਆ। ਗਰੀਬ ਅਤੇ ਪਛੜੇ ਲੋਕ ਆਰਥਕ ਸਹੂਲਤਾਂ ਪ੍ਰਾਪਤ ਕਰਨ ਲਈ ਆਪਣਾ ਧਰਮ ਬਦਲਣ ਲੱਗੇ। ਰਾਜਗੱਦੀ ਤੇ ਬੈਠੇ ਹਾਕਮ ਧਾਰਮਿਕ ਪਾਖੰਡੀਆਂ ਦੇ ਪੈਰੀਂ ਹੱਥ ਲਾਉਂਦੇ ਅਤੇ ਵੋਟਾਂ ਲਈ ਉਹਨਾਂ ਅੱਗੇ ਝੋਲੀਆਂ ਅੱਡਦੇ। ਧਾਰਮਕ ਪਾਖੰਡੀ ਲੁਟੇਰੇ ਹਾਕਮਾਂ ਲਈ ਵੋਟ ਬੈਂਕ ਬਣ ਗਏ ਪਰ ਇਸ ਨਾਲ ਉਹਨਾਂ ਨੂੰ ਰਾਜ-ਮਸ਼ੀਨਰੀ ਵਿਚ ਘੁਸਪੈਂਠ ਕਰਨ ਦਾ ਵਧੀਆ ਮੌਕਾ ਮਿਲਿਆ। ਸਰਕਾਰੀ ਠੇਕੇ ਵੱਡੀਆਂ ਨੌਕਰੀਆਂ, ਇਹਨਾਂ ਧਾਰਮਿਕ ਪਾਖੰਡੀਆਂ ਦੇ ਇਸ਼ਾਰਿਆਂ ਤੇ ਮਿਲਣ ਲੱਗੀਆਂ, ਅਫਸਰਸ਼ਾਹੀ, ਪੁਲਸ-ਅਦਾਲਤਾਂ ਅਤੇ ਸਿਆਸੀ ਲੀਡਰ ਇਹਨਾਂ ਦਾ ਅਸਰ ਕਬੂਲਣ ਲੱਗੇ। ਧਾਰਮਿਕ ਪਾਖੰਡੀਆਂ ਕੋਲ ਏਅਰ ਕੰਡੀਸ਼ਨ ਕਾਰਾਂ, ਕੋਠੀਆਂ ਆਉਣ-ਮਿਲਣ ਲੱਗੀਆਂ। ਇਹ ਮਿਲਾਂ-ਕਾਰਖਾਨਿਆਂ ਦੇ ਮਾਲਕ ਬਣ ਗਏ।

ਅੱਜ ਹਾਲਤਾਂ ਇਹ ਬਣ ਗਈਆਂ ਹਨ ਕਿ ਹਰ ਧਰਮ ਦੂਜੇ ਧਰਮ ਨੂੰ ਖਤਮ ਕਰਨ ਲਈ ਅੱਡੀ-ਚੋਟੀ ਦਾ ਜ਼ੋਰ ਲਾ ਰਿਹਾ ਹੈ। ਹਿੰਦੂ ਧਾਰਮਿਕ ਪਾਖੰਡੀ ਰੌਲਾ ਪਾਉਂਦੇ ਹਨ ਕਿ ਅਰਬ ਦੇ ਪੈਸੇ ਨਾਲ ਹਿੰਦੂ ਗਰੀਬਾਂ ਨੂੰ ਮੁਸਲਮਾਨ ਬਣਾਇਆ ਜਾ ਰਿਹਾ ਹੈ। ਯੂਰਪੀਨ ਦੇਸ਼ਾਂ ਦੇ ਪੈਸੇ ਨਾਲ ਈਸਾਈ ਮਿਸ਼ਨਰੀ ਕਬਾਇਲੀ ਅਤੇ ਪਛੜੇ ਲੋਕਾਂ ਨੂੰ ਈਸਾਈ ਬਣਾ ਰਹੇ ਹਨ। ਜੇਕਰ ਇਹੋ ਹਾਲਤ ਰਹੀ ਤਾਂ ਹਿੰਦੂ ਧਰਮ ਘੱਟ ਗਿਣਤੀ ਵਿਚ ਰਹਿ ਜਾਵੇਗਾ। ਇਸ ਲਈ ਵਿਸ਼ਵ ਹਿੰਦੂ ਪ੍ਰੀਸ਼ਦ ਬਣਾ ਕੇ ਦੁਨੀਆਂ ਭਰ ਦੇ ਹਿੰਦੂਆਂ ਨੂੰ ਇਕਮੁੱਠ ਹੋ ਕੇ ਹਿੰਦੂ ਧਰਮ ਨੂੰ ਬਚਾਉਣਾ ਜ਼ਰੂਰੀ ਹੋ ਗਿਆ ਹੈ ਹਿੰਦੂ ਧਰਮ ਨੂੰ ਬਚਾਉਣ ਲਈ ਰਾਮ ਜਨਮ ਭੂਮੀ ਨੂੰ ਮੁਕਤ ਕਰਾਉਣ ਦਾ ਅੰਦੋਲਨ ਛੇੜਿਆ ਗਿਆ। ਰਾਮ ਜਨਮ ਭੂਮੀ ਤੇ ਬਾਬਰੀ ਮਸਜਿਦ ਦੇ ਨਾਂ ਤੇ ਹਿੰਦੂਆਂ-ਮੁਸਲਮਾਨਾਂ ਵਿਚੋਂ ਕਰੋੜਾਂ ਰੁ: ਇਕੱਠੇ ਕੀਤੇ ਗਏ ਅਤੇ ਕਈ ਸ਼ਹਿਰਾਂ ਵਿਚ ਦੰਗੇ ਹੋਏ। ਅੱਜ ਵਿਸ਼ਵ ਹਿੰਦੂ ਪ੍ਰੀਸ਼ਦ ਵਾਲੇ ਰੌਲਾ ਪਾ ਰਹੇ ਹਨ ਕਿ ਅਰਬ ਦਾ ਪੈਸਾ ਭਾਰਤ ਵਿਚ ਆਉਣ ਤੋਂ ਰੋਕਿਆ ਜਾਵੇ ਅਤੇ ਈਸਾਈ ਮਿਸ਼ਨਰੀਆਂ ਨੂੰ ਦੇਸ਼ ਵਿਚੋਂ ਕੱਢਿਆ ਜਾਵੇ ਕਿਉਂਕਿ ਹਿੰਦੁਸਤਾਨ ਹਿੰਦੂਆਂ ਦਾ ਦੇਸ਼ ਹੈ।

ਪਰ ਕੀ ਭਾਰਤੀ ਹਾਕਮ ਵਿਦੇਸ਼ੀ ਏਜੰਟਾਂ ਨੂੰ ਦੇਸ਼ 'ਚੋਂ ਕੱਢਣ ਦਾ ਹੌਂਸਲਾ ਕਰ ਸਕਦੇ ਹਨ ? ਕਦਾਚਿਤ ਨਹੀਂ। ਭਾਰਤੀ ਹਾਕਮ ਜੋ ਵਿਦੇਸ਼ੀ ਪ੍ਰਭੂਆਂ ਲਈ ਕੰਮ ਕਰਦੇ ਹਨ ਇਹ ਲੁੱਟ-ਚੋਂਘ ਵਿਚੋਂ ਹਿਸਾ ਪ੍ਰਾਪਤ ਕਰਦੇ ਹਨ, ਆਪਣੇ ਮਾਲਕਾਂ ਨਾਲ ਕਿਵੇਂ ਟੱਕਰ ਲੈ ਸਕਦੇ ਹਨ 1947 ਤੋਂ ਬਾਅਦ ਭਾਰਤ ਸਿਰਫ ਬਰਤਾਨੀਆਂ ਦੀ ਬਸਤੀ ਦੀ ਥਾਂ ਤੇ ਅਨੇਕਾਂ ਦੇਸ਼ਾਂ ਦੀ ਅਰਧ ਬਸਤੀ ਬਣ ਗਿਆ। ਅਮਰੀਕਾ, ਇਟਲੀ, ਜਰਮਨੀ ਫਰਾਂਸ, ਜਪਾਨ ਜਿਹੇ ਦੇਸ਼ਾਂ ਨੇ ਸਾਡੇ ਦੇਸ਼ ਵਿਚ ਪੈਸਾ ਲਾਇਆ। ਰੂਸੀ ਸਮਾਜੀ ਸਾਮਰਾਜ ਨੇ ਨਾਜ਼ਕ ਖੇਤਰਾਂ ਵਿਚ ਪੈਸਾ ਲਾ ਕੇ ਦੇਸ਼ ਦੀ ਰਾਜਨੀਤੀ ਤੇ ਆਪਣੀ ਪਕੜ ਮਜ਼ਬੂਤ ਕਰ ਲਈ। ਭਾਰਤੀ ਲੁਟੇਰੀ ਜਮਾਤ ਦਾ ਭਾਰੂ ਗੁੱਟ ਰੂਸੀ ਸਾਮਰਾਜੀਆਂ ਦੀ ਸੇਵਾ ਵਿਚ ਭੁਗਤਣ ਲੱਗ ਪਿਆ। ਇਸਦਾ ਅਸਰ ਭਾਰਤੀ ਸਭਿਆਚਾਰ ਤੇ ਪੈਣਾ ਵੀ ਲਾਜ਼ਮੀ ਸੀ। ਕੋਈ ਸਵਾਲ ਕਰ ਸਕਦਾ ਹੈ ਕਿ ਕਿਉਂਕਿ ਰੂਸ ਮਾਰਕਸਵਾਦ ਨੂੰ ਮੰਨਣ ਵਾਲਾ ਦੇਸ਼ ਹੈ ਇਸ ਲਈ ਭਾਰਤ 'ਚ ਨਾਸਤਕਤਾ ਦਾ ਪ੍ਰਚਾਰ ਪ੍ਰਸਾਰ ਹੋਣਾ ਚਾਹੀਦਾ ਸੀ ਅਤੇ ਧਾਰਮਿਕ ਕੱਟੜਪੁਣਾ ਘਟਣਾ ਚਾਹੀਦਾ ਸੀ ਪਰ ਹੋਇਆ ਇਸ ਤੋਂ ਉਲਟ। ਜੇਕਰ ਅਸੀਂ ਰੂਸ ਦੇ ਸਮਾਜੀ ਸਾਮਰਾਜੀ ਬਣਨ ਤੋਂ ਬਾਅਦ ਦੇ ਅਮਲ ਨੂੰ ਪਰਖੀਏ ਤਾਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਇਹਨਾਂ ਵੀ ਹੋਰਨਾਂ ਲੁਟੇਰਿਆਂ ਵਾਂਗ ਧਰਮ ਦਾ ਆਸਰਾ ਲਿਆ।

ਬਾਕੀ ਪੰਨਾ 23 'ਤੇ

ਪੰਨਾ 21 ਦੀ ਬਾਕੀ

ਪ੍ਰਵਾਹ ਕਰਨ ਲਈ ਤਿਆਰ ਨਹੀਂ। ਸੀਨੀਅਰ ਪੁਲਸ ਅਧਿਕਾਰੀ ਵੀ ਪੁਲਸ ਨੂੰ ਕਿਸੇ ਤਰ੍ਹਾਂ ਦੀ ਲਗਾਮ ਦੇਣ ਦੇ ਮੂਡ ਵਿਚ ਨਹੀਂ ਕਿਉਂਕਿ ਉਹ ਮਹਿਸੂਸ ਕਰਦੇ ਹਨ ਕਿ ਉਹ ਵੀ ਪੁਲਸ ਕੋਲੋਂ ਜੋ ਕੰਮ ਲੈ ਰਹੇ ਹਨ, ਉਹ ਨਾ ਤਾਂ ਕਿਸੇ ਕਾਨੂੰਨ ਅਨੁਸਾਰ ਹੈ ਅਤੇ ਨਾ ਵਿਧਾਨ ਅਨੁਸਾਰ ਹੈ।

ਸਿਆਸੀ ਹਲਕਿਆਂ ਦਾ ਵਿਚਾਰ ਹੈ ਕਿ ਗਵਰਨਰੀ ਪ੍ਰਸ਼ਾਸਨ ਵਲੋਂ ਪ੍ਰਸ਼ਾਸਨ ਦੀ ਲਗਾਮ ਅਗਰ ਕਿਸੇ ਤਰ੍ਹਾਂ ਦੀ ਢਿੱਲੀ ਕੀਤੀ ਜਾਂਦੀ ਰਹੀ ਅਤੇ ਰਾਜ ਵਿਚਲੀ ਅਫਸਰਸ਼ਾਹੀ ਅਤੇ ਪੁਲਸ ਨੂੰ ਮਨਮਾਨੀਆਂ ਕਰਨ ਦਾ ਇਸੇ ਤਰ੍ਹਾਂ ਅਧਿਕਾਰ ਰਿਹਾ ਤਾਂ ਉਹ ਦਿਨ ਦੂਰ ਨਹੀਂ ਜਦੋਂ ਗਵਰਨਰੀ ਪ੍ਰਸ਼ਾਸਨ ਨੂੰ ਵੀ ਲੋਕਾਂ ਦੇ ਵੱਡੇ ਵਿਰੋਧ ਦਾ ਸਾਹਮਣਾ ਕਰਨਾ ਪੈ ਸਕਦਾ ਹੈ।


Via Rail Tickets to U.S.A and CANADA
Now issued here

ਹੁਣੇ ਬੁੱਕ ਕਰਾਓ

ਤੁਸੀਂ ਪੰਜਾਬੀ, ਹਿੰਦੀ, ਉਰਦੂ, ਇੰਗਲਿਸ਼ ਵਿਚ ਗੱਲਬਾਤ ਕਰ ਸਕਦੇ ਹੋ

Travel to India, Europe &

ONE WAY FARE IS ALSO AVAILABLE TO TORONTO ONLY
BOOK EARLY TO AVOID DISAPPOINTMENT



*For booking conditions please call:*

**Fourways Travel Limited**
9341 - 120 St., (Scott Rd.) Delta, B.C.

Anywhere in the world.   Ph. (604) 584-1411

ਸਰੀ-ਡੇਲਟਾ ਦੇ ਵਸਨੀਕਾਂ ਨੂੰ ਵੈਨਕੂਵਰ ਜਾਣ ਦੀ ਲੋੜ ਨਹੀਂ — ਅਸੀਂ ਇਥੋਂ ਹੀ ਦੁਨੀਆਂ ਦੇ ਕਿਸੇ ਵੀ ਕੋਨੇ ਲਈ ਟਿਕਟਾਂ ਦੇ ਸਕਦੇ ਹਾਂ

**Success Through Service & Experience**

AWARD WINNER
OF THE MEDALLION CLUB, MEMBER OF THE I.C.I. DIVISION OF THE REAL ESTATE BOARD OF GREATER VANCOUVER IN BUSINESS SINCE 1971

**For Professional Market Evaluation or Consultation**
Without any obligation, contact

Buying, Selling or Trading

ਮਕਾਨ ਵੇਚਣ ਜਾਂ ਖ਼੍ਰੀਦਣ ਲਈ ਸਾਡੇ ਨਾਲ ਸੰਪਰਕ ਪੈਦਾ ਕਰੋ

**Ph. Bus: 437-9431 Res: 434-4660**
**UNITED REALTY LTD.**
2443 Kingsway, Vancouver, B.C. V5R 5G8



Ajaib S. Janda




# ਇਕ ਸੌ ਫਿਲਮੀ ਗੀਤਾਂ ਦਾ ਰਚੇਤਾ ਹਸਨਪੁਰੀ

ਸ਼ਮਸ਼ੇਰ ਸਿੰਘ ਸੰਧੂ

ਕਿਸੇ ਵੇਲੇ ਪੰਜਾਬੀ ਗਾਇਕਾਂ ਵਿਚ ਬੜੀ ਲਾਲਸਾ ਹੁੰਦੀ ਸੀ ਕਿ ਹਸਨਪੁਰੀ ਦੇ ਗੀਤ ਗਾਈਏ । ਉਦੋਂ ਨਵੇਂ ਉਠੇ ਗਾਇਕ ਨੂੰ ਰਿਕਾਰਡਿੰਗ ਵੱਲ ਵਧਣ ਲਈ ਹਸਨਪੁਰੀ ਦੇ ਗੀਤ ਸਹਾਰਾ ਦਿਆ ਕਰਦੇ ਸਨ । ਮਕਬੂਲ ਪੰਜਾਬੀ ਗੀਤਕਾਰੀ ਵਿਚ ਹਰ ਕਿਸੇ ਦੀ ਲੇਖਣੀ ’ਤੇ ਥੋੜ੍ਹੀ ਬਹੁਤੀ ਉਂਗਲ ਰੱਖੀ ਜਾ ਸਕਦੀ ਹੈ ਪਰ ਇੰਦਰਜੀਤ ਹਸਨਪੁਰੀ ਇਸ ਖੇਤਰ ’ਚ ਸੁੱਚਾ ਹੀਰਾ ਹੈ । ਉਸ ਦਾ ਸਤਿਕਾਰਿਤ ਸਥਾਨ ਬਣ ਚੁਕਾ ਹੈ । ਗੈਰ-ਫਿਲਮੀ ਤੇ ਫਿਲਮੀ ਗੀਤਕਾਰੀ ਦੋਹੀਂ ਪਾਸੀਂ ਉਹ ‘ਅੱਛਾ ਰੱਜ ਕੇ ਰਾਜ ਕਮਾਇ ਗਿਆ ।’ ਇਸ ਤੋਂ ਇਲਾਵਾ ਉਹ ਸਫਲ ਫਿਲਮਾਂ ਦਾ ਪ੍ਰੋਡਿਊਸਰ ਵੀ ਹੈ । ਜ਼ਿਮੇਵਾਰ ਬਾਪ ਵੀ । ਪੇਂਟਰ ਵੀ ।

? ਜੇ ਮੈਂ ਨਹੀਂ ਭੁਲਦਾ, ਤੁਹਾਡੀ ਫਿਲਮ ‘ਤੇਰੀ ਮੇਰੀ ਇਕ ਜਿੰਦੜੀ’ ਨੂੰ ਬਣਦਿਆਂ ਪੰਜ-ਸੱਤ ਸਾਲ ਲਗ ਗਏ ਸੀ ।

— ਹਾਂ, ਛੇ ਸਾਲ ਤੋਂ ਉਤੇ ਈ ਸਮਝੋ । ਦਰਅਸਲ ਮੇਰੇ ਕੋਲ ਪੈਸੇ ਦਾ ਪੂਰਾ ਇੰਤਜ਼ਾਮ ਨਹੀਂ ਸੀ । ਜਦੋਂ ਫਿਲਮ ਸ਼ੁਰੂ ਕੀਤੀ ਤਾਂ ਬਲੈਕ ਐਂਡ ਵਾਈਟ ਦਾ ਜ਼ਮਾਨਾ ਚਲ ਰਿਹਾ ਸੀ । ਡਿਸਟਰੀਬਿਊਟਰ ਦੋਸਤ ਨੇ ਸਲਾਹ ਦਿੱਤੀ ਕਿ ਜ਼ਿੰਦਗੀ ’ਚ ਨਿੱਤ ਨਿੱਤ ਮੌਕੇ ਨਹੀਂ ਮਿਲਦੇ ਬਈ ਧਰਮਿੰਦਰ ਮੁਫਤ ਕੰਮ ਕਰ ਰਿਹਾ ਹੋਵੇ, ਸੋ ਰੰਗਦਾਰ ਬਣਾਉਣ ਦਾ ਫੈਸਲਾ ਕਰ ਲਿਆ । ਫਿਲਮ ਦਾ ਬਜਟ 50-60 ਹਜ਼ਾਰ ਤੋਂ ਇਕ ਦਮ 4-5 ਲੱਖ ’ਤੇ ਚਲਾ ਗਿਆ । ਏਧਰੋਂ, ਉਧਰੋਂ ਪੈਸੇ ਫੜ, ਦੋਸਤਾਂ ਦੀ ਮੱਦਦ ਲੈ ਕੇ ਫਿਲਮ ਸਿਰੇ ਲਾਈ ਤਾਂ ਹੀ ਏਨੇ ਸਾਲ ਲਗ ਗਏ ।

? ਧਰਮਿੰਦਰ ਤਾਈਂ ਕਿਵੇਂ ਪਹੁੰਚ ਕੀਤੀ ?

— ਧਰਮ ਭਾ ਜੀ ਦਾ ਭਰਾ ਅਜੀਤ ਸਿੰਘ ਦਿਓਲ ਮੇਰਾ ਮਿੱਤਰ ਸੀ । ਮੈਂ ਉਨ੍ਹਾਂ ਦੇ ਘਰ ਠਹਿਰਿਆ ਹੋਇਆ ਸਾਂ । ਇਕ ਦਿਨ ਮੂਡ ਦੇਖ ਕੇ ਮੈਂ ਪੌੜੀਆਂ ਚੜ੍ਹਿਆ ਤੇ ਧਰਮਿੰਦਰ ਦੇ ਵੱਖਰੇ ਕਮਰੇ ’ਚ ਉਸ ਨਾਲ ਗੱਲ ਕੀਤੀ । ਪਹਿਲਾਂ ਉਹ ਟਾਲ-ਮਟੋਲ ਕਰੇ । ਮੈਂ ਆਖਿਆ, “ਭਾ ਜੀ ਤੁਹਾਡੀ ਤਸਵੀਰ ਵੇਚ ਕੇ ਅਸੀਂ ਪੈਸੇ ਇਕੱਠੇ ਕਰਨੇ ਆਂ, ਤਦੇ ਫਿਲਮ ਅੱਗੇ ਤੁਰਨੀ ਹੈ । ਉਸ ਹਾਂ ਕਰ ਦਿੱਤੀ । ਹੇਠਾਂ ਉਤਰਿਆ ਤਾਂ ਦਿਓਲ, ਪ੍ਰਕਾਸ਼ ਭਾਬੀ ਤੇ ਮਾਤਾ ਜੀ ਪੁੱਛਣ ਲੱਗੇ । ਮੈਂ ਕਿਹਾ ਹਰੀ ਝੰਡੀ ਹੋ ਗਈ । ਮਾਤਾ ਜੀ ਕਹਿਣ ਲੱਗੇ ਵੇ ਕਿਤੇ ਉਹਨੇ ਪੀਤੀ ’ਚ ਤਾਂ ਨਹੀਂ ਹਾਂ ਕਰ ’ਤੀ ਸਵੇਰੇ ਫੇਰ ਇਕ ਵਾਰ ਪੁੱਛ ਕੇ ਵੇਖ ਲਈਂ ।

ਯਾਰ ਦੋਸਤ ਵੀ ਜਿਹੜਾ ਸੁਣੇ ਮਖੌਲ ਕਰੇ । ਦੇਖਾਂਗੇ ਜਦੋਂ ਧਰਮਿੰਦਰ ਸ਼ੂਟਿੰਗ ’ਤੇ ਆਊਗਾ ! ਲਓ ਜੀ ਜਿਸ ਦਿਨ ਸ਼ੂਟਿੰਗ ਮਿਥੀ ਸੀ, ਟੈਮ ਹੋ ਗਿਆ । ਮੇਰਾ ਦਿਲ ਧੜਕੇ । ਮਨਾਂ ਜੇ ਨਾ ਆਇਆ, ਰਹਿੰਦਾ ਖੂੰਹਦਾ ਪੰਜ ਹਜ਼ਾਰ ਰੁਪਿਆ ਵੀ ਰੁੜ੍ਹ ਜਾਊ ਤੇ ਫਿਲਮ ਪੂਰੀ ਨਹੀਂ ਹੋ ਸਕਣੀ । ਪਰ ਜਿਉਂ ਹੀ ਕਾਰ ਆ ਕੇ ਰੁਕੀ ਤਾਂ ਮੇਰੀਆਂ ਅੱਖਾਂ ਖੁਸ਼ੀ ਨਾਲ ਭਰ ਗਈਆਂ । ਉਹ ਕਾਰ ’ਚੋਂ ਉਤਰਿਆ ਤਾਂ ਮੇਰੀਆਂ ਅੱਖਾਂ ਚੋਅ ਪਈਆਂ । ਧਰਮਿੰਦਰ ਨੇ ਮੈਨੂੰ ਕਲਾਵੇ ’ਚ ਲੈਂਦਿਆ ਕਿਹਾ, “ਕੀ ਗੱਲ, ਮੈਂ ਤਾਂ ਆ ਗਿਆ ।” ਮੈਥੋਂ ਚੰਗੀ ਤਰ੍ਹਾ ਬੋਲ ਨਾ ਹੋਵੇ, “ਭਾ ਜੀ, ਸਾਰੇ ਕਹਿੰਦੇ ਸੀ, ਧਰਮਿੰਦਰ ਨੇ ਨਈਂ ਆਉਣਾ । ਤੁਹਾਡਾ ਪਿਆਰ ਦੇਖ ਕੇ ਦਿਲ ਉਛਾਲਾ ਖਾ ਗਿਆ .... । ‘ਤੇਰੀ ਮੇਰੀ ਇਕ ਜਿੰਦੜੀ’ ਧਰਮਿੰਦਰ ਦੇ ਨਾਂਅ ਨੂੰ ਚਲ ਗਈ ਤੇ ਸਾਡੇ ਵਾਰੇ ਨਿਆਰੇ ਹੋ ਗਏ ।

? ਉਸ ਤੋਂ ਬਾਅਦ ਤੁਸੀਂ ‘ਦਾਜ’ ਬਣਾਈ ਤੇ ਦਿਲਜੀਤ ਕੌਰ ਨੂੰ ਪਹਿਲੀ ਵਾਰ ਪੰਜਾਬੀ ਫਿਲਮ ’ਚ ਮੌਕਾ ਦਿੱਤਾ ?

— ਸਿਰਫ ਦਿਲਜੀਤ ਕੌਰ ਨੂੰ ਹੀ ਨਹੀਂ, ਕਾਮੇਡੀ ਕਿੰਗ ਮੇਹਰ ਮਿੱਤਲ ਤੇ ਐਕਟਰ — ਡਾਇਰੈਕਟਰ ਵਰਿੰਦਰ ਵੀ ਮੇਰੀਆਂ ਫਿਲਮਾਂ ਰਾਹੀਂ ਪਹਿਲੀ ਵਾਰ ਪੰਜਾਬੀ ਦਰਸ਼ਕਾਂ ਅੱਗੇ ਪੇਸ਼ ਹੋਏ । ਨਾਇਕ - ਖਲਨਾਇਕ ਵਿਜੇ ਟੰਡਨ ਨੂੰ ਪਹਿਲੀ ਵਾਰ ਸਕਰੀਨ ’ਤੇ ਮੈਂ ਲਿਆਂਦਾ ।



(ਖੱਬਿਓਂ) ਮੇਹਰ ਮਿੱਤਲ, ਡਾਂਸਰ ਜੇ ਸ਼੍ਰੀ ਟੀ, ਐਕਟਰ ਮਹਿੰਦਰ ਸੰਧੂ ਤੇ ਨਿਰਮਾਤਾ-ਗੀਤਕਾਰ ਇੰਦਰਜੀਤ ਹਸਨਪੁਰੀ ।

? ‘ਪਹਿਲੀ ਪਹਿਲੀ ਵਾਰ’ ਦੀ ਲਿਸਟ ਵਿਚ ਹੋਰ ਕੁਝ ਨੁਕਤੇ ਦੱਸਣਯੋਗ ਹਨ ਤਾਂ ਦੱਸੋ ?

- ਗਾਉਣ ਵਾਲਿਆਂ ਨੂੰ ਫਿਲਮਾਂ ਵਿਚ ਪ੍ਰਸਤੁਤ ਕਰਨ ਦਾ ਕੰਮ ਪਹਿਲੀ ਵਾਰ ਮੈਂ ਕੀਤਾ, ਨਰਿੰਦਰ ਬੀਬਾ ਨੂੰ ਲੈ ਕੇ । ਫੇਰ ਜਗਮੋਹਨ ਕੌਰ ਨੂੰ । ਕੇ. ਦੀਪ ਨੂੰ ਪਿਠਵਰਤੀ ਗਾਇਕ ਪਹਿਲੀ ਵਾਰ ਮੈਂ ਬਣਾਇਆ । ‘ਜਗਜੀਤ-ਚਿਤਰਾ ਸਿੰਘ’ ਨੇ ਪਹਿਲੀ ਵਾਰ ਜੋ ਪੰਜਾਬੀ ਗੀਤ ਗਾਏ ਤਾਂ ਮੇਰੇ ਲਿਖੇ ਹੋਏ — ਕੁੜਤੀ ਮਲਮਲ ਦੀ ਜਾਂ ਫਿਰ ਚਰਖਾ ਮੇਰਾ ਰੰਗਲਾ ਵਿਚ ਸੋਨੇ ਦੀਆਂ ਮੇਖਾਂ । ਮੁਹੰਮਦ ਸਦੀਕ ਨੇ ਪਹਿਲੀ ਵਾਰ ਜੋ ਗੀਤ ਰਿਕਾਰਡ ਕਰਾਇਆ ‘ਜਾਂਦਾ ਹੋਇਆ ਦੱਸ ਨਾ ਗਿਆ’ ਮੇਰਾ ਲਿਖਿਆ ਸੀ ।

? ਕੀ ਇਹ ਹਕੀਕਤ ਹੈ ਕਿ ‘ਤੇਰੀ ਮੇਰੀ ਇਕ ਜਿੰਦੜੀ’ ਵਾਸਤੇ ਤੁਸੀਂ ਜਗਮੋਹਨ ਕੌਰ ਨੂੰ ਹੀਰੋਇਨ ਲੈਣਾ ਚਾਹੁੰਦੇ ਸੀ ?

— ਹਾਂ, ਬਿਲਕੁਲ । ਉਨ੍ਹੀਂ ਦਿਨੀਂ ਜਗਮੋਹਨ ਕੌਰ ਤੇ ਲੋਹੜੇ ਦਾ ਹੁਸਨ ਸੀ । ਉਹਦੀ ਸਵਾ-ਸਵਾ ਲੱਖ ਦੀ ਅੱਖ ਸੀ । ਉਹ ਅੱਛੀ ਗਾਇਕਾ ਹੋਣ ਦੇ ਨਾਲ ਅੱਛੀ ਐਕਟਿੰਗ ਵੀ ਕਰ ਸਕਦੀ ਸੀ, ਪਰ ....

— ਪਰ .... ਕੀ ?

? ਕੇ. ਦੀਪ ਤੇ ਜਗਮੋਹਨ ਕੌਰ ਦਾ ਉਦੋਂ ਆਪਸੀ ਪਿਆਰ ਸੀ । ਕੇ. ਦੀਪ ਆਖਣ ਲੱਗਾ ਭਾਪਾ ਜੀ, ਮੈਂ ਨਹੀਂ ਚਾਹੁੰਦਾ ਕਿ ਜਗਮੋਹਨ ਕੌਰ ਫਿਲਮਾਂ ’ਚ ਚਲੀ ਜਾਵੇ । ਮੈਂ ਆਖਿਆ ਭਾਈ ਥੋਡੀ ਮਰਜ਼ੀ ਏ, ਸੋ ਮੈਂ ਵਿਚਾਰ ਬਦਲ ਲਿਆ ।

? ਤੁਹਾਡੀ ਫਿਲਮ ਦਾ ਇਕ ਗੀਤ ਸੀ ‘ਤੇਰੀਆਂ ਮੁਹੱਬਤਾਂ ਨੇ ਮਾਰ ਸੁੱਟਿਆ, ਦੱਸ ਕੀ ਕਰਾਂ ।’ ਉਸ ਗੀਤ ਵਿਚ ਹਿਚਕੀਆਂ ਵੀ ਸਨ । ਉਹ ਹਿਚਕੀਆਂ ਮਿਊਜ਼ਕ-ਪੀਸ ਸਨ ਜਾਂ ਸੱਚਮੁਚ ਦੀਆਂ ?

— ਫਿਲਮ ਦੀ ਸਿਚੂਏਸ਼ਨ ਮੁਤਾਬਕ ਕੁੜੀ ਲੋਰ ਵਿਚ ਆ ਕੇ ਤੇ ਨਸ਼ਈ ਹੋ ਕੇ ਗਾਣਾ ਗਾਉਂਦੀ ਹੈ । ਇਸ ਲਈ ਨਾਟਕੀਅਤਾ ਭਰਨ ਲਈ ਅਸੀਂ ਇਕ ਕੁੜੀ ਤੋਂ ਸਚਮੁਚ ਦੀਆਂ ਹਿਚਕੀਆਂ ਦੁਆਈਆਂ ।

? ਕੌਣ ਸੀ ਉਹ ਕੁੜੀ, ਕੋਈ ਗਾਇਕਾ ?

— ਨਈਂ । ਇਕ ਹੀਰੋਇਨ ਹੁੰਦੀ ਸੀ ਮੀਨਾ ਰਾਏ । ਉਹ ਮੀਨਾ ਰਾਏ ਦੀ ਛੋਟੀ ਭੈਣ ਸੀ ।

? ਤੁਹਾਡੀ ਤੀਜੀ ਫਿਲਮ ‘ਸੁਖੀ ਪਰਿਵਾਰ’ ਸੋ-ਸੋ ਰਹਿ ਗਈ ਸੀ । ਚੌਥੀ ‘ਦੋ ਜੱਟੀਆਂ’ ਬੜੇ ਚਿਰ ਦੀ ਐਲਾਨੀ ਹੋਈ ਹੈ । ਕੀ ਬਣਿਆ ?

— ‘ਦੋ ਜੱਟੀਆਂ’ ਦੀਆਂ ਪੰਜ ਕੁ ਰੀਲਾਂ ਤਿਆਰ ਹੋ ਗਈਆਂ ਸਨ । ਮਾਹੌਲ ਹੋਰ ਹੋ ਜਾਣ ਕਾਰਨ ਸਾਡਾ ਫਾਈਨਾਂਸਰ ਹੁਣ ਪੰਜਾਬੀ ਫਿਲਮ ਉਤੇ ਪੈਸਾ ਲਾਉਣ ਨੂੰ ਤਿਆਰ ਨਹੀਂ । ਉਹਦੇ ਨਾਲੋਂ ਕੰਟਰੇਕਟ ਤੋੜੀਏ ਤੇ ਕੋਈ ਨਵਾਂ ਫਾਈਨਾਂਸਰ ਲੱਭੀਏ ਤਾਂ ਹੀ ਅੱਗੇ ਤੁਰੀਏ ।

ਬਾਕੀ ਪੰਨਾ 27 ’ਤੇ

VANCOUVER
**Bridal International & Wedding Centre**
FOR ANYTHING AND EVERYTHING FOR YOUR MARRIAGE NEEDS DON'T MISS TO VISIT YOUR OWN SHOP
Contact : Sukhdev S. Saini
Ph. (604) 435-2421
Open : Mon. Wed. 10.00 a.m. to 6.00 p.m.
Thursday, Friday, Sat. 10.00 a.m. to 8.00 p.m.
Sun. 11.00 a.m. to 6.00 p.m.

■ WEDDING ACCESSORIES ■ WEDDING CAKES
■ WEDDING INVITATIONS ■ CAKE ORNAMENTS
■ CAR DECORATIONS ■ WEDDING FLOWERS
■ GIFTS AND ALLIED ITEMS, etc.


LADIES TAILOR FOR PUNJABI SUITS, SARI BLOUSES & DRESSES
Limousine Service [Daily or Hourly]
3333 KINGSWAY AT JOYCE, VANCOUVER, B.C.

# GILL AUTO SALES

## ਗਿੱਲ ਆਟੋ ਸੇਲਜ਼

DLR #8220

'ਤੇ

## ਇਨਵੈਂਨਟੋਰੀ ਕਲੀਅਰਆਊਟ ਸੇਲ

**ਜੋ ਸਿਰਫ 28 ਜੂਨ ਤੋਂ 7 ਜੁਲਾਈ 1987 ਤੱਕ ਚੱਲੇਗੀ**

**ਸੇਲ ਦੇ ਆਖਰੀ ਦਿਨ ਰਹਿ ਗਏ ਹਨ ਮੌਕੇ ਦਾ ਫਾਇਦਾ ਉਠਾਓ**

ਚਾਰ ਸੀਟਾਂ ਲਵਾਉਣ ਲਈ ਫਾਰਮ ਵੈਨਾਂ ਦੀਆਂ ਸੀਟਾਂ ਲਗਵਾਓ

**ਰੈਗੂਲਰ $1200 ਦੀ ਥਾਂ ਸਿਰਫ $950 ਦੀ ਸੇਲ ਹੈ**

# INVENTORY CLEAROUT SALE

**For Farm Van Seats**

**Inventory Clearout Sale**

**At Gill Auto Sales**

**All Brand New Seats**

**Sale Starts June 28 - July 7th, 1987**

**4 Seats Install Price**

**Regular $1200**

**Sale Price $950**

**7762 - Edmonds St.** [near Canada Way]

**Burnaby, B.C.**

**Ph. 522-2122**